ਖਾਲਸਾ ਪੰਥ ਦੀ ਸਿਰਜਣਾਂ ਤੋਂ ਸੰਪੂਰਨਤਾ ਦਿਨ ਵੈਸਾਖੀ ਦੇ ੩੧੧ਵੇਂ ਵਰੇ ਤੇ ਫੈਸਲੇ ਲਈ

ਜੋ ਸੂਰਾ ਤਿਸ ਹੀ ਹੋਇ ਮਰਣਾ ॥ ਜੋ ਭਾਗੈ ਤਿਸੁ ਜੋਨੀ ਫਿਰਣਾ ॥
ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥

# ਖਾਲਸਾ ਪੰਥ ਦੇ ਵਾਰਸਾਂ ਦਾ ਪੁਨਰ ਜਨਮ

ਸਤਿਕਾਰਯੋਗ ਸੰਘਰਸ਼ਮਈ ਸਿਖ ਜਥੇਬੰਦੀਆਂ ਸ਼੍ਰੋਮਣੀ ਸਿਖ ਕੌਂਸਲ ਇੰਟਰਨੈਸ਼ਨਲ, ਸ਼੍ਰੋਮਣੀ ਅਕਾਲੀ ਦਲ (ਇੰਟਰਨੈਸ਼ਨਲ), ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਪੰਚ ਪ੍ਰਧਾਨੀ), ਸ਼੍ਰੋਮਣੀ ਖਾਲਸਾ ਪੰਚਾਇਤ, ਦਲ ਖਾਲਸਾ ਆਲਾਇੰਸ, ਦਲ ਖਾਲਸਾ ਪੰਜਾਬ: ਭਾਈ ਨਰਾਇਣ ਸਿੰਘ, ਭਾਈ ਅਤਿੰਦਰਪਾਲ ਸਿੰਘ, ਭਾਈ ਸਿਮਰਨਜੀਤ ਸਿੰਘ ਮਾਨ, ਭਾਈ ਦਲਜੀਤ ਸਿੰਘ ਬਿੱਟੂ, ਭਾਈ ਰਜਿੰਦਰ ਸਿੰਘ, ਭਾਈ ਪਰਮਜੀਤ ਸਿੰਘ, ਭਾਈ ਚਰਨ ਸਿੰਘ ਧਾਮੀ, ਮੁਖੀ ਸਿਖ ਸਟੂਡੈਂਟਸ ਫਡਰੇਸ਼ਨ ਪਟਿਆਲਾ, ਯੁਨਾਇਟਡ ਸਰਬੱਤ ਖਾਲਸਾ ਅਤੇ ਪੰਥ ਅਟੁੱਟ ਅੰਗ ਦਲਤ ਸਮਾਜ ਜੀਉ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸਮੂਹ ਸੰਬੋਧਿਤ ਗੁਰਸਿਖ ਵੀਰੋ, ਜਿਵੇ ਕਿ ਆਪਜੀ ਜਾਣਦੇ ਹੀ ਹੋ ਕਿ ਆਪਣੇ ਪਵਿਤ੍ਰ ਗੁਰਧਾਮਾਂ ਤੇ ਕਾਬਜ ਬਿਪਰਨ ਦੀ ਜੁਰਾਇਮਪੇਸ਼ਾ ਅਕ੍ਰਿਤਘਣ ਔਲਾਦ, ਪੁਜਾਰੀ, ਮਸੰਦ, ਦੁਸ਼ਟ ਟੋਲੇ ਵਲੋਂ 'ਸੰਤ ਸਿਪਾਹੀ' ਰਸਾਲੇ ਦੇ ਸੰਪਾਦਕ ਸ੍ਰੀ ਗੁਰਚਰਨਜੀਤ ਸਿੰਘ ਲਾਂਬਾ ਨਾਲ ਮਿਲਕੇ ਸਾਜ਼ਿਸ਼ ਰਚ, ਪ੍ਰੋ. ਦਰਸ਼ਨ ਸਿੰਘ ਖਾਲਸਾ ਜੀ ਦੇ ਕੀਰਤਨ ਦੀ ਅਸਲ ਸੀ ਡੀ ਨੂੰ ਨਕਲੀ ਜਾਹਲੀ ਕਰਕੇ, ਇਸ ਕੂੜ ਦੇ ਅਧਾਰ ਤੇ ਉਨਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਤਲਬ ਕਰਨ, ਉਨਾਂ ਦੇ ਕੀਰਤਨ ਪ੍ਰੋਗਰਾਮਾਂ ਤੇ ਪਾਬੰਦੀ ਲਾਉਣ, ਉਨਾਂ ਤੇ ਹਥਿਆਰਬੰਦ ਹਮਲਾ ਕਰਵਾਉਣ ਅਤੇ ਉਨਾਂ ਨੂੰ 29 ਜਨਵਰੀ 2010 ਨੂੰ ਪੰਥ ਚੋਂ ਛੇਕਣ ਤੱਕ ਦੇ ਪੰਥ ਉਤੇ ਅਤਿ ਕਮੀਨੇ ਵਾਰਾਂ ਨੇ ਜਦ ਪੰਥ ਨੂੰ ਧੁਰ ਰੂਹ ਤੱਕ ਲਹੂ ਲੁਹਾਣ, ਅਧਮੋਇਆ ਕਰ ਦਿੱਤਾ ਹੈ।
ਵੀਰ ਜੀਉ ਇਹ ਗੁਰੂ ਨਿਮਾਣੇ, ਗੁਰੂ ਨਿਤਾਣੇ, ਪਰ ਆਪਣੇ ਲਈ ਆਪਣੇ ਗੁਰੂ ਕਰਤਾ ਰੱਬ ਦਾ ਹੁਕਮ ਪਛਾਣ ਨਿਤਰਨ ਵਾਲੇ, ਆਪਜੀ ਕੋਲ ਇਹ ਜਾਨਣ ਦੀ ਬੇਨਤੀ ਲੈ ਕੇ ਆਏ ਨੇ ਕਿ ਕੀ ਇਹ ਸਿਖ ਸਰੂਪ ਵਿਚ ਛੁਪੀ ਬਿਪਰਨ ਦੀ ਜੁਰਾਇਮਪੇਸ਼ਾ ਸਾਜ਼ਸ਼ੀ ਸ਼ੈਤਾਨ ਸਿਖਰ ਗਿਰੀਓ ਅਕ੍ਰਿਤਘਣ ਮਸੰਦ, ਦੁਸ਼ਟ ਔਲਾਦ, ਇਹ ਪੁਜਾਰੀ ਟੋਲਾ, ਜਿਸ ਵਲੋਂ ਸੱਚ ਨੂੰ ਨਕਲੀ, ਜਾਹਲੀ ਕਰਕੇ, ਨਕਲੀ ਜਾਹਲੀ ਨੂੰ ਸੱਚ ਐਲਾਨਕੇ ਪ੍ਰੋ. ਦਰਸ਼ਨ ਸਿੰਘ ਖਾਲਸਾ ਜੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਉਤੇ ਤਲਬ ਕੀਤਾ, ਤਨਖਾਹੀਆ ਕਰਾਰ ਦਿੱਤਾ, ਜਿਨਾਂ ਆਪਣੇ ਮਾਲਕ ਜਾਬਰ ਸਿਖ ਸਰੂਪ ਵਿਚ ਔਰੰਗੇ ਅਬਦਾਲੀ, ਨਾਦਰਸ਼ਾਹੀ ਹੁਕਮਰਾਨ ਦੁਆਰਾ ਪਾਬੰਦੀ ਲਗਾਈ, ਉਨਾਂ ਤੇ ਹਥਿਆਰਬੰਦ ਹਮਲਾ ਕਰਵਾਇਆ ਅਤੇ ਹੁਣ ਝੂਠ ਦੇ ਸਹਾਰੇ ਉਨਾਂ ਨੂੰ ਪੰਥ ਵਿਚੋਂ ਖਾਰਜ ਕੀਤਾ ਹੈ, ਕੀ ਤੁਸਾਂ ਲਈ ਅਜੇ ਵੀ ਪੰਥ ਦੇ ਉਤਮ ਹਨ ਜਿਸ ਕੋਲ ਤੁਸਾਂ ਭਵਿਖ ਵਿਚ ਵੀ ਮੰਗਣ ਜਾਣਾਂ ਹੈ ? ਜਾਂ ਗੁਰੂ ਮਹਾਰਾਜ ਨੇ ਆਪ ਜੀ ਦਾ ਰਹਿੰਦਾ ਭਰਮ ਲਾਹ ਦਿੱਤਾ ਹੈ ਕਿ ਇਹ ਕੋਈ ਗੁਰੂ ਦੇ ਅਣਜਾਣ, ਅਨਭੋਲ ਸਿਖ ਨਹੀਂ ਹਨ ਜੋ ਆਪਣੇ ਆਪਨੂੰ ਗੁਰੂ ਹੁਕਮਾਂ ਅਨੁਸਾਰ ਗੁਰੂ ਗਿਆਨ ਦੁਆਰਾ ਵੀ ਬਦਲ ਸਕਦੇ ਹੋਵਣ ਸਗੋਂ ਜਿਨਾਂ ਸਿਖ ਸਰੂਪ ਦੁਸ਼ਟ ਅਕ੍ਰਿਤਘਣ, ਮਸੰਦਾਂ ਤੋਂ ਆਪਣੇ ਪਵਿਤ੍ਰ ਸਥਾਨਾਂ, ਆਪਣੀ ਸ਼ਰੋਮਣੀ ਕਮੇਟੀ ਅਤੇ ਆਪਣੇਂ ਪੰਥ ਨੂੰ ਆਜਾਦ ਕਰਵਾਣਾਂ ਹੈ ਅਤੇ ਨਾਲ ਇਸ ਪੁਜਾਰੀ ਅਤੇ ਹੁਕਮਰਾਨ ਲਾਣੇ ਦੇ ਜਨਮ ਪਿਤਾ, ਬਦੀ ਦੇ ਸਥਾਪਤ ਬਿਪਰਨ ਦਿੱਲੀ ਤਖਤ ਤੋਂ ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਪੰਥ ਲਈ ਗੁਰੂ ਕਰਤੇ ਦੇ ਹੁਕਮ ਫੁਰਮਾਣ, ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਦੀ ਜ਼ਿਮੇਵਾਰੀ ਨੂੰ ਨਿਭਾਉਣਾਂ ਹੈ? ਆਪਜੀ ਨੂੰ ਇਹ ਗੁਰੂ ਕਰਤੇ ਦਾ ਸੱਚ ਯਾਦ ਕਰਵਾਇਆ ਜਾ ਰਿਹਾ ਹੈ ਕਿ ਜਿਸ ਦਿਨ ਇਨਾਂ ਸਾਡੇ ਗੁਰੂ ਦਸ਼ਮੇਸ਼ ਪਿਤਾ ਦੇ ਖਾਲਸਾ ਪੰਥ ਨੂੰ ਹੁਕਮ ਦੇ ਉਲਟ, ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਰੀਕ, ਜਿਵੇਂ ਇਨਾਂ ਪ੍ਰੋ. ਦਰਸ਼ਨ ਸਿੰਘ ਖਾਲਸਾ ਜੀ ਦੇ ਕੀਰਤਨ ਦੀ ਅਸਲ ਸੀ ਡੀ ਨੂੰ ਨਕਲੀ ਜਾਹਲੀ ਕੀਤਾ, ਇਵੇਂ ਇਨਾਂ ਦੇ ਬਿਪਰਨ ਵਡੇਰਿਆਂ ਵਲੋਂ ਜਾਹਲੀ ਨਕਲੀ ਕੀਤੇ ਨੂੰ ਦਸ਼ਮੇਸ਼ ਪਿਤਾ ਦੀ ਬਾਣੀ- ਦਸਮ ਗ੍ਰੰਥ ਐਲਾਨਕੇ, ਇਸ ਦੇ ਪ੍ਰਕਾਸ਼, ਪਾਠ, ਅਖੰਡਪਾਠ ਸ਼ੁਰੂ ਕਰਨ ਦਾ ਅਤਿ ਘਿਨਾਉਣਾ ਦੁਸ਼ਟ ਸਾਕਤ ਮਸੰਦ ਕਾਰਾ ਸ਼ੁਰੂ ਕਰ ਦਿੱਤਾ ਸੀ, ਉਸ ਦਿਨ ਇਨਾਂ ਆਪਣੇ ਆਪਨੂੰ ਸਿਖ ਕਹਾ ਸਕਣ ਦਾ ਗੁਰੂ ਵਲੋਂ ਅਧਿਕਾਰ ਗੁਆਕੇ, ਗੁਰ-ਕਰਤਾ ਰਾਮ ਤੋਂ ਬੇਮੁਖ ਹੋਕੇ, ਆਪਣੇ ਅਪਨੂੰ ਪੰਥ ਚੋਂ ਖਾਰਜ ਕਰ ਲਿਆ ਸੀ।

ਇਸ ਗੁਰਸਿਖ ਕਾਫਲੇ ਲਈ ਇਹ ਗੁਰਮਤਿ ਸੱਚ ਪ੍ਰਕਾਸ਼ ਹੈ ਕਿ ਇਸ ਸਿਖ ਸਰੂਪ ਵਿਚ ਬਿਪਰਨ ਜੁਰਾਇਮ ਪੇਸ਼ਾ ਔਲਾਦ ਪੁਜਾਰੀ ਦੁਸ਼ਟ ਮਸੰਦ ਜੁੰਡਲੀ ਦੀਆਂ ਸਿਖਰ ਕਰਤੂਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਬਿਪਰਨ ਦੇ ਕਾਮਾਂ ਸੂਤਰਾ ਦਾ ਪ੍ਰਕਾਸ਼, ਪਾਠ, ਭੋਗ, ਨਾਨਕਸ਼ਾਹੀ ਕਲੰਡਰ ਵਿਚ ਤਬਦੀਲੀ, ਬਿਪਰਨ ਦੀ ਔਲਾਦ ਦੇ ਮੁਖੀ ਬਾਦਲਕੇ ਦਲ ਵਲੋਂ ਸ੍ਰੀ ਹਰਿਮੰਦਰ ਸਾਹਿਬ ਤੇ ਫੌਜੀ ਧਾਵਾ ਬੋਲਣ ਵਿਚ ਭਾਈਵਾਲ ਵਿਸ਼ਵ ਹਿੰਦੂ ਪ੍ਰੀਸ਼ਦ, ਭਾਜਪਾ, ਆਰ ਐਸ ਐਸ ਅਤੇ ਹੋਰ ਹਿੰਦੂ ਪੰਡਤ ਬ੍ਰਾਹਮਣ ਸਾਧਾਂ ਦੀ ਸਟੇਜ ਤੋਂ ਗੁਰਬਾਣੀ ਦੇ ਨਿਰਾਕਾਰ ਰੱਬ ਕਰਤਾ ਰਾਮ ਨੂੰ ਇਨਾਂ ਬਿਪਰਨ ਬ੍ਰਾਹਮਣ ਪਾਂਡਿਆਂ ਦਾ ਰਾਮ ਐਲਾਨਣ, ਇਨਾਂ ਦੇ ਰਾਮ ਸੇਤੂ ਪੁੱਲ ਦੀ ਰੱਖਿਆ ਲਈ ਅਤੇ ਇਨਾਂ ਦੇ ਰਾਮ ਮੰਦਰ ਦੀ ਉਸਾਰੀ ਲਈ ਸਿਖਾਂ ਦੀ ਤਰਫੋਂ ਹਰ ਕੁਰਬਾਨੀ ਕਰਨ ਦੇ ਕੀਤੇ ਅਤਿ ਘਿਨਾਉਣੇ ਐਲਾਨ ਕਾਰੇ ਨਾਲ ( http://www.youtube.com/watch?v=av-PQK0MnAw ) ਅਤੇ ਹੁਣ ਕਲਕੱਤੇ ਇਸ ਪੁਜਾਰੀ ਟੋਲੇ ਦੇ ਭੇਜੇ ਗੁੰਡਿਆਂ ਵਲੋਂ ਆਪਣੀ ਪਾਲਕ, ਚਾਲਕ ਸਰਕਾਰ ਦੀ ਸ਼ਹਿ ਤੇ ਪ੍ਰੋ. ਦਰਸ਼ਨ ਸਿੰਘ ਖਾਲਸਾ ਜੀ ਤੇ ਕੀਤੇ ਗਏ ਅੱਤ ਘਿਨਾਉਣੇ ਹਥਿਆਰਬੰਦ ਹਮਲੇ ਨਾਲ ਇਨਾਂ ਵਲੋਂ ਹਰ ਸਬੂਤ ਮਹੱਈਆ ਕਰ ਦਿੱਤਾ ਗਿਆ ਹੈ ਕਿ ਹਾਂ ਇਹ ਸੱਚ ਮੁੱਚ ਹੀ ਸਿਖ ਸਰੂਪ ਵਿਚ ਬਿਪਰਨ ਦੀ ਜੁਰਾਇਮ ਪੇਸ਼ਾ ਐਲਾਦ ਹੈ। ਜਿਨਾਂ ਦੇ ਵਡੇਰੇ ਗੁਰੂ ਨੂੰ ਸਦੀਵੀਂ ਵਦਾਵੇ ਦੇਕੇ ਪਹਾੜੀ ਰਾਜਿਆਂ ਨਾਲ ਮਿਲ ਗਏ ਸਨ। ਜਿਨਾਂ ਵਲੋਂ ਆਪਣੀਂ ਮਿਲਭੋਗੀ ਸਿਖ ਸਰੂਪ ਔਲਾਦ ਪੈਦਾ ਕਰਕੇ ਦਸ਼ਮੇਸ਼ ਪਿਤਾ ਤੋਂ, ਉਸ ਦੇ ਪ੍ਰਗਟਾਏ ਪੂਰਣ ਪਵਿਤ੍ਰ ਇਨਸਾਨ ਕ੍ਰਿਦਾਰ ਖਾਲਸਾ ਪੰਥ ਨੂੰ ਖਤਮ ਕਰਕੇ, ਬਦਲਾ ਲੈਣ ਲਈ ਪੰਥ ਵਿਚ ਵਾੜੀ ਹੋਈ ਹੈ। ਕਿਉਂਕਿ ਗੁਰੂ ਦਸ਼ਮੇਸ਼ ਪਿਤਾ ਵਲੋਂ ਇਨਾਂ ਦੀ ਮਾੜੀ ਸਲਾਹ ਨੂੰ ਮੰਨਣ ਦੀ ਬਜਾਏ, ਇਨਾਂ ਕਾਇਰਾਂ, ਬੁਝਦਿਲਾਂ ਨੂੰ ਦੁਰਕਾਰ ਦਿੱਤਾ ਗਿਆ ਸੀ। ( ਕਦੋਂ, ਕਿਵੇਂ ਭੇਦ-ਖੋਹਲ ਜਲਦੀ)

ਸੋ ਸਾਡੇ ਗੁਰੂ ਪਿਆਰੇ ਗੁਰਸਿਖ ਵੀਰ ਭਾਈ ਨਰਾਇਣ ਸਿੰਘ ਜੀ, ਭਾਈ ਅਤਿੰਦਰਪਾਲ ਸਿੰਘ ਜੀ, ਜੇ ਆਪਜੀ ਦੇ ਲਈ, ਆਪਜੀ ਦੀ ਸੰਸਥਾ ਲਈ ਹੁਣ ਇਨਾਂ ਦੁਸ਼ਟ ਅਕ੍ਰਿਤਘਣ, ਮਸੰਦਾਂ ਤੋਂ ਆਪਣੇ ਪਵਿਤ੍ਰ ਸਥਾਨਾਂ, ਆਪਣੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਆਪਣੇਂ ਪੰਥ ਨੂੰ ਆਜਾਦ ਕਰਵਾਣਾਂ ਅਤੇ ਇਸ ਦੁਸ਼ਟ ਜੁੰਡਲੀ ਦੇ ਜਨਮ ਪਿਤਾ ਬਦੀ ਦੇ ਸਥਾਪਤ ਬਿਪਰਣ ਬਿਪਰਨ ਤਖਤ ਤੋਂ ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਹੀ ਗੁਰੂ ਦਾ ਨਾ ਉਲਟਾਇਆ ਜਾ ਸਕਣ ਵਾਲਾ ਹੁਕਮ ਰਜਾ ਹੈ ਤਾਂ ਗੁਰੂ ਪਿਆਰਿਓ ਸਾਨੂੰ, ਆਪਣੇ ਅਸਲ ਗੁਰਭਾਈਆਂ ਨੂੰ ਹਾਂ ਦਾ ਹੁੰਗਾਰਾ ਜਬਾਬ ਦਿਓ ਜੀ। ਤਾਂ ਕਿ ਇਨਾਂ ਸਿਖ ਸਰੂਪ ਵਿਚ ਬਿਪਰਨ ਦੀ ਜੁਰਾਇਮਪੇਸ਼ਾ ਆਦੀ ਔਲਾਦ, ਇਸ ਪੁਜਾਰੀ ਲਾਣੇ ਅਤੇ ਇਸ ਦੀ ਪਾਲਣਹਾਰ ਔਰੰਗਜੇਬੀ ਹਕੂਮਤ ਵਲੋਂ ਪ੍ਰੋ. ਦਰਸ਼ਨ ਸਿੰਘ ਖਾਲਸਾ ਜੀ ਦੇ ਕੀਰਤਨ ਤੇ ਪਬੰਦੀ ਲਾਉਣ, ਉਨਾਂ ਉਤੇ ਹਥਿਆਰਬੰਦ ਹਮਲਾ ਕਰਵਾਣ, ਉਨਾਂ ਨੂੰ ਪੰਥ ਚੋਂ ਖਾਰਜ ਤੱਕ ਦੇ ਕੀਤੇ ਜਾ ਚੁੱਕੇ ਗੁਰਸਿਖ ਖਾਲਸਾ ਪੰਥ ਤੇ ਸੱਭੇ ਘਿਨਾਉਣੇ ਵਾਰਾਂ ਦਾ ਬਣਦਾ ਜਬਾਬ ਆਪਜੀ ਨਾਲ ਵੀਚਾਰਾਂ ਦੁਆਰਾ ਮੁਕਰਰ ਕਰਕੇ ਗੁਰਸਿਖ ਖਾਲਸਾ ਪੰਥ ਵਲੋਂ ਇਕੱਤਰ ਹੋ ਇਕ ਪੰਥਕ ਨਿਜ ਬਲ ਨਾਲ ਦਿੱਤਾ ਜਾ ਸਕੇ।

ਜੂਨ ਚੌਰਾਸੀ ਦੇ ਸ਼ਹੀਦ ਸੂਰਿਆਂ ਦੀ ਬਦੌਲਤ, **ਕੂੜੈ ਤੁਟੈ ਪਾਲਿ** ਹੋਏ ਨੇ। ਮੁੱਢਲੇ ਗੁਰੂ ਗਿਆਨ ਦੀ ਖਾਲਸਾ ਪੰਥ ਨੂੰ ਇਸ ਬਖਸ਼ਿਸ਼ ਆਸਰੇ **ਹੁਕਮਿ ਰਜਾਈ ਚਲਣਾ,** ਸ਼ੁਰੂਆਤ ਕਰ ਚੁੱਕਾ ਇਹ ਗੁਰਸਿਖ ਕਾਫਲਾ ਇਹ ਹੀ ਬੇਨਤੀ ਹੋਰ ਗੁਰਸਿਖ ਜਥੇਬੰਦੀਆਂ ਦੇ ਮੁਖੀ ਭਾਈ ਸਿਮਰਨਜੀਤ ਸਿੰਘ ਮਾਨ, ਭਾਈ ਦਲਜੀਤ ਸਿੰਘ ਬਿੱਟੂ, ਭਾਈ ਰਜਿੰਦਰ ਸਿੰਘ, ਭਾਈ ਚਰਨ ਸਿੰਘ ਧਾਮੀ ਅਤੇ ਮੁਖੀ ਸਿਖ ਸਟੂਡੈਂਟਸ ਫਡਰੇਸ਼ਨ ਪਟਿਆਲਾ, ਯੁਨਾਇਟਡ ਸਰਬੱਤ ਖਾਲਸਾ, ਸਹਿਯੋਗੀ ਸਿੰਘਾਂ, ਜਥੇਬੰਦੀਆਂ ਕੋਲ ਲੈਕੇ ਆਇਆ ਹੈ ਕਿ ਹੁਣ ਹੋਰ ਜਕਾ ਤਕਾ ਛੱਡ, ਜੇ ਸਿਖ ਸਰੂਪ ਵਿਚ ਬਿਪਰਣ ਜੁਰਾਇਮਪੇਸ਼ਾ ਔਲਾਦ ਇਸ ਦੁਸ਼ਟ ਅਕ੍ਰਿਤਘਣ, ਮਸੰਦਾਂ ਦੇ ਲਾਣੇਂ ਤੋਂ ਆਪਣੇ ਪਵਿਤ੍ਰ ਸਥਾਨਾਂ, ਆਪਣੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਆਪਣੇਂ ਪੰਥ ਨੂੰ ਅਜਾਦ ਕਰਵਾਣ ਅਤੇ ਇਸ ਦੁਸ਼ਟ ਜੁੰਡਲੀ ਦੇ ਜਨਮ ਪਿਤਾ ਬਦੀ ਦੇ ਸਥਾਪਤ ਦਿੱਲੀ ਬਿਪਰਨ ਤਖਤ ਤੋਂ ਖਾਲਸੇ ਦੇ ਦੇਸ਼ ਦੀ ਆਜਾਦੀ ਹੀ ਤੁਸਾਂ ਲਈ ਵੀ ਆਪਣੇ ਗੁਰੂ-ਕਰਤੇ ਦਾ ਨਾ ਉਲਟਾਇਆ ਜਾ ਸਕਣ ਵਾਲਾ, ਹੁਕਮ ਰਜਾ ਹੈ ਤਾਂ ਹਾਂ ਜਬਾਬ ਦਿਉ ਜੀ ਤਾਂ ਕਿ ਆਪਜੀ ਸਭਨਾਂ ਨਾਲ ਵੀਚਾਰ ਸਾਂਝੇ ਕਰਕੇ ਗੁਰਸਿਖਾਂ ਦਾ ਇਕੋ ਬਣਦਾ ਸਾਂਝਾ ਅਗਲਾ ਕਦਮ -ਫੈਸਲਾ ਮਕਰਰ ਕਰਕੇ ਅਮਲ ਵਿਚ ਕੀਤਾ ਜਾ ਸਕੇ।

ਜੂਨ ਚੌਰਾਸੀ ਤੋਂ ਹੀ ਪੰਥ ਲਈ ਤਿਆਗੀ, ਸੂਰੇ, ਅਣਖੀ ਅਤੇ ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਦੇਸ਼ ਦੀ ਉਸਾਰੀ ਦੇ ਹੁਕਮਨਾਮੇਂ ਨੂੰ ਆਪਣੇ ਦਲ ਦਾ ਨਿਸ਼ਾਨਾਂ ਐਲਾਨਕੇ ਅਡੋਲ ਅਥੱਕ ਤੁਰੇ ਪੰਥ ਦੇ ਸੇਵਾਦਾਰ ਗੁਰਸਿਖ ਭਾਈ ਸਿਮਰਨਜੀਤ ਸਿੰਘ ਮਾਨ ਜੀਓ, ਆਪਜੀ ਦੀ ਪੰਥ ਲਈ ਸੇਵਾ ਦਾ ਅਸਾਂ ਦੇ ਦਿਲਾਂ ਵਿਚ ਅਥਾਹ ਸਤਿਕਾਰ ਹੋਣ ਕਰਕੇ ਅਤੇ ਮਤਾਂ ਇਹ ਹੁਣ ਤੱਕ ਦੀ ਸੇਵਾ ਅਣਜਾਣੇ ਅਜਾਈਂ ਨਾ ਚਲੀ ਜਾਵੇ, ਇਹ ਦਰਦ ਹੋਣ ਕਰਕੇ, ਇਕ ਦਿਨ ਉਹ ਆਇਆ ਕਿ ਇਹ ਗੁਰਸਿਖ ਕਾਫਲਾ

ਆਪਜੀ ਨੂੰ ਸਾਡੇ ਘਸੁਨ ਮਾਰਨ ਦਾ ਅਧਿਕਾਰ ਦੇਂਦੇ ਹੋਏ, ਆਪਜੀ ਨੂੰ ਤਾਹਨੇ ਮੇਹਣਿਆਂ ਦੀਆਂ ਮੁੱਕੀਆਂ ਮਾਰਨ ਆਉਣ ਦਾ ਫੈਸਲਾ ਲੈ ਚੁੱਕਾ ਸੀ।

ਇਹ ਉਹ ਦਿਨ ਸੀ ਸਾਡੇ ਗੁਰੂ ਪਿਆਰੇ ਵੀਰ ਭਾਈ ਸਿਮਰਨਜੀਤ ਸਿੰਘ ਮਾਨ ਜੀਉ, ਜਿਸ ਦਿਨ ਇੰਟਰਨੈਟ ਯੂ ਟੂਬੇ ਤੇ ਇਕ ਵੀਡੀਓ ਵੇਖਣ ਨੂੰ ਮਿਲਦੀ ਹੈ। ਸਿਖ ਸਰੂਪ ਵਿਚ ਇਕ ਸਾਧ ਸੰਤ ਕਾਰ ਵਿਚ ਸਵਾਰ ਇਕ ਗੁਰਦੁਆਰੇ ਨੂੰ ਆ ਰਿਹਾ ਹੈ। ਲੋਕ ਇਸ ਸਿਖ ਸਰੂਪ ਸਾਧ ਸੰਤ ਦੇ ਪੈਰੀਂ ਹੱਥ ਲਾਉਂਦੇ ਮੱਥਾ ਟੇਕ ਰਹੇ ਨੇ ਅਤੇ ਉਸ ਨੂੰ ਮਾਇਆ ਦਾ ਚੜ੍ਹਾਵਾ ਚਾੜ ਰਹੇ ਨੇ। ਇਹ ਸੰਤ ਗੁਰਦੁਆਰੇ ਵਿਚ ਆ ਬਿਰਾਜਮਾਨ ਹੁੰਦਾ ਹੈ। ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਸਿਖ ਇਸ ਸੰਤ ਦੇ ਪੈਰੀਂ ਹੱਥ ਲਾਕੇ ਮੱਥੇ ਟੇਕ ਰਹੇ ਨੇ ਅਤੇ ਉਸ ਨੂੰ ਮਾਇਆ ਦੇ ਚੜ੍ਹਾਵੇ ਵੀ ਚਾੜ ਰਹੇ ਨੇ। ਫਿਰ ਆਪਜੀ ਸੰਗਤ ਵਿਚ ਹਾਜਰ ਹੁੰਦੇ ਹੋ ਅਤੇ ਸ਼ਬਦ ਗੁਰੂ ਦੀ ਹਜੂਰੀ ਵਿਚ ਇਸ ਸਾਧ ਸੰਤ ਦੇ ਪੈਰੀਂ ਹੱਥ ਲਾ, ਉਸ ਨੂੰ ਮੱਥਾ ਟੇਕਦੇ ਹੋ। ਇਸ ਸੰਤ ਵਲੋਂ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨਕਲ ਤੇ ਉਸਾਰੇ ਜਾ ਰਹੇ ਗੁਰਦੁਆਰੇ ਨੂੰ ਸਟੇਜ ਤੋਂ ਸਹੀ ਅਤੇ ਇਸ ਦੀ ਹਮਾਇਤ ਦਾ ਐਲਾਨ ਕਰਦੇ ਹੋ। ਇਸ ਦੀ ਕਾਰ ਸੇਵਾ ਭਾਵ ਇਸ ਸੰਤ ਵਲੋਂ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਨਕਸ਼ੇ ਤੇ ਉਸਾਰੇ ਜਾ ਰਹੇ ਗੁਰਦੁਆਰੇ ਦਰਬਾਰ ਸਾਹਿਬ ਨੂੰ ਉਸਾਰਨ ਵਿਚ ਸ਼ਮੂਲੀਅਤ-ਮੱਦਦ ਦੇ ਪ੍ਰਣ, ਤੁਸਾਂ ਵਲੋਂ ਜੈਕਾਰਿਆਂ ਦੀ ਗੂੰਜ ਵਿਚ ਦਿੱਤੇ ਜਾ ਰਹੇ ਨੇ। ਆਪਜੀ ਇਸ ਸੰਤ ਦੀ ਤਰੀਫ ਕਰਦੇ ਇਹ ਤੁਲਨਾਂ ਵੀ ਕਰ ਰਹੇ ਹੋ ਕਿ ਸੰਤ ਜਰਨੈਲ ਸਿੰਘ ਜੀ ਭਿੰਡਰਾਂ ਵਾਲਿਆਂ ਤੋਂ ਬਾਅਦ ਜੋ ਪਿਆਰ ਤੇ ਦਿਲ ਨਾਲ ਕਿਸੇ ਮਹਾਂਪੁਰਖ ਨੇ ਤੁਸਾਂ ਨੂੰ ਲਾਇਆ ਤਾਂ ਇਹ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਨਕਸ਼ੇ ਤੇ ਆਪਣੇ ਲਈ ਆਪਣਾਂ ਨਵਾਂ ਹਰਿਮੰਦਰ ਉਸਾਰਨ ਵਾਲਾ ਇਹ ਸੰਤ, ਸਾਧ, ਸਰਦਾਰ ਬਲਵੰਤ ਸਿੰਘ ਹੈ, ਜਿਸ ਤੋਂ ਤੁਸਾਂ ਨੂੰ ਬਹੁਤ ਦਿਲ ਦੀ ਸ਼ਾਂਤੀ ਮਿਲਦੀ ਹੈ, ਅਮਨ ਮਿਲਦਾ ਹੈ।

ਵੀਰ ਜੀਉ ਸਾਰੀ ਉਮਰ ਅਡੋਲ ਸੇਵਾ ਕਰਦੇ ਕਰਦੇ ਇਥੇ ਆ, ਅਸੀਂ ਨਹੀਂ ਕਹਿੰਦੇ ਕਿ ਜਾਣੇ, ਪਰ ਅਣਜਾਣੇ ਅਪਜੀ ਤੋਂ ਗੁਰਮਤਿ ਦੇ ਉਲਟ ਉਹ ਭਾਰੀ ਅਵੱਗਿਆਵਾਂ ਹੋ ਗਈਆਂ ਸਨ ਜਿਨਾਂ ਨੇ ਆਪਜੀ ਦੀ ਕੀਤੀ ਹੁਣ ਤੱਕ ਦੀ ਅਣਥੱਕ ਸੇਵਾ ਨੂੰ ਗੁਰੂ ਕਰਤੇ ਅੱਗੇ ਸਿਫਰ, ਜੀਰੋ ਕਰ ਦਿੱਤਾ ਗਿਆ ਸੀ।

1) ਯਕੀਨ ਨਹੀਂ ਆ ਰਿਹਾ ਸੀ ਕਿ ਆਪਜੀ ਨੂੰ ਇਹ ਵੀ ਨਾ ਪਤਾ ਹੋਵੇ ਕਿ ਜਿਸ ਕਮਰੇ, ਹਾਲ ਵਿਚ ਸਾਡੇ ਸ਼ਬਦ ਗੁਰੂ ਸ੍ਰੀ ਗ੍ਰੰਥ ਸਾਹਿਬ ਜੀ ਮੌਜੂਦ ਹਨ, ਪ੍ਰਕਾਸ਼ ਜਾਂ ਨਾ ਪ੍ਰਕਾਸ਼, ਉਸ ਕਮਰੇ, ਉਸ ਹਾਲ ਵਿਚ ਉਸ ਦੀ ਕਿਸੇ ਦੀਵਾਰ ਤੇ ਵੀ ਕੋਈ ਤਸਵੀਰ ਨਹੀਂ ਹੋ ਸਕਦੀ। ਜੇ ਕਿਤੇ ਆਪਣੇ ਗੁਰਦੁਆਰੇ ਸਾਡੇ ਸ਼ਬਦ ਗੁਰੂ ਦੇ ਘੋਰ ਅਪਮਾਨ ਅਤੇ ਸਿਖ ਧਰਮ ਦੇ ਪਵਿਤ੍ਰ ਅਸੂਲ, ਉਪਦੇਸ਼ ਕਿ ਸਿਖ ਨੇ ਆਪਣੇ ਤੇ ਮੂਰਤੀ ਪੂਜਾ ਦਾ ਦੂਰੋਂ ਵੀ ਪਰਛਾਵਾਂ ਤੱਕ ਨਹੀਂ ਪੈਣ ਦੇਣਾਂ, ਦੇ ਉਲਟ ਇਹ ਬਿਪਰਨ ਰੀਤ ਕੋਈ ਗੁਰਸਿਖ ਕਿਸੇ ਗੁਰਦੁਆਰੇ ਵੇਖਦਾ ਹੈ ਤਾਂ ਇਸ ਦੇ ਖਿਲਾਫ ਆਵਾਜ਼ ਉਠਾਉਂਦਾ ਹੈ ਅਤੇ ਜਦ ਤੱਕ ਇਹ ਬਿਪਰਨ ਰੀਤ ਪ੍ਰਬੰਧਕ ਖਤਮ ਨਹੀਂ ਕਰਦੇ, ਉਥੇ ਭਵਿਖ ਵਿਚ ਮੁੜ ਨਾ ਆਉਣ ਦਾ ਐਲਾਨ ਕਰਦਾ ਹੈ ਅਤੇ ਇਹ ਹੀ ਸਲਾਹ ਹੋਰ ਗੁਰਸਿਖਾਂ ਨੂੰ ਦੈਦਾ ਹੈ।

ਜਿਸ ਗੁਰਦੁਆਰੇ, ਸਿਖ ਕੌਮ ਦੇ ਜਰਨੈਲ ਭਾਈ ਸਿਮਰਨਜੀਤ ਸਿੰਘ ਜੀ ਤੁਸੀਂ ਇਸ ਨਕਲੀ, ਬਨਾਰਸ ਦੇ ਠੱਗ, ਗੁਰੂ ਧ੍ਰੋਹੀ, ਪੰਥ ਧ੍ਰੋਹੀ ਅਖੌਤੀ ਸੰਤ ਮਸੰਦ ਵਲੋਂ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਨਕਸ਼ੇ ਉਤੇ ਆਪਣੇ ਲਈ ਨਵਾਂ ਹਰਿਮੰਦਰ ਉਸਾਰਨ ਦੇ ਕੀਤੇ ਜਾ ਰਹੇ ਅੱਤ ਘਿਨਾਉਣੇ ਕਾਰੇ ਦੀ ਸ਼ਲਾਘਾ, ਇਸ ਦੀ ਹਮਾਇਤ ਅਤੇ ਇਸ ਕੁਕਰਮ ਦੀ ਪੂਰਤੀ ਵਿਚ ਮੱਦਦ ਦੇਣ ਦਾ ਐਲਾਨ ਕਰਨ ਆਏ ਸੀ, ਉਥੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਬਰਾਬਰ, ਪੀੜੇ ਤੇ ਰੁਮਾਲੇ ਵਿਚ ਸ਼ੰਗਾਰੀ ਇਕ ਤਸਵੀਰ ਖੜ੍ਹੀ ਕੀਤੀ ਹੋਈ ਵੀ ਜਰੂਰ ਵੇਖੀ ਹੋਵੇਗੀ। ਪਰ ਆਪਜੀ ਆਪਣੇ ਹੀ ਸ਼ਬਦ ਗੁਰੂ ਦੇ ਘੋਰ ਅਪਮਾਨ ਵਾਲੀ ਆਪਣੇ ਹੀ ਗੁਰਦੁਆਰੇ ਹੋ ਰਹੀ ਇਸ ਬਿਪਰਨ ਨੂੰ ਵੇਖਕੇ ਖਾਮੋਸ਼ ਰਹਿ ਜਾਂਦੇ ਹੋ ਅਤੇ ਇਸ ਖਾਮੋਸ਼ੀ ਦੁਆਰਾ, ਚੁਪਚੁਪੀਤੇ ਇਸ ਨਵੀਂ ਚਾਲੂ ਗੁਰਦੁਆਰਿਆਂ ਵਿਚ ਗੁਰਮਤਿ ਉਲਟ ਮੂਰਤੀ ਪੂਜਾ ਦੀ ਅੱਤ ਘਿਨਾਉਣੀ ਬਿਪਰਨ ਰੀਤ ਨੂੰ ਪਰਵਾਨਗੀ ਦੇ ਦੇਂਦੇ ਹੋ।

2) ਗੰਦ ਕੂੜਾ ਆਪਣੇ ਘਰ ਵਿਚ ਰਖਕੇ, ਪਰ ਦੂਜੇ ਦੇ ਘਰੋਂ ਉਹ ਹੀ ਗੰਦ ਕੂੜਾ ਜੋਰੀਂ ਬਾਹਰ ਸੱਟਣ ਤੁਰ ਪੈਣ ਵਾਲਾ ਆਪਣੇ ਕਾਲੇ ਲੇਖ ਲਿਖਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਕਿਸੇ ਸਿਖ ਵਲੋਂ ਕਿਸੇ ਦੇਹਧਾਰੀ ਨੂੰ ਮੱਥਾ ਟੇਕਣਾਂ ਜਿਥੇ ਆਪਣੇ ਸ਼ਬਦ ਗੁਰੂ ਸ੍ਰੀ ਗ੍ਰੰਥ ਸਾਹਿਬ ਜੀ ਘੋਰ ਬਿਆਦਵੀ ਹੈ ਉਥੇ ਇਹ ਵੀ ਕਿ ਸ੍ਰੀ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਆਪਣੇ ਪੈਰੀਂ ਹੱਥ ਲੁਆਉਣ ਵਾਲਾ ਕੋਈ ਗੁਰਮਤਿ ਅਨੁਸਾਰ ਸਾਧ, ਸੰਤ ਤਾਂ ਬੜੀ ਦੂਰ, ਆਪਣੇ ਆਪਨੂੰ ਸਿਖ ਕਹਾ ਸਕਣ ਵਾਲਾ ਤੱਕ ਨਹੀਂ ਹੋ ਸਕਦਾ। ਜੇ ਆਪਾਂ ਜਾਗਦੇ, ਸੰਘਰਸ਼ਸ਼ੀਲ ਸਿਖ ਹੀ ਸ੍ਰੀ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਦੇਹਧਾਰੀ ਬਨਾਰਸ ਦੇ ਠੱਗ, ਪਖੰਡੀ, ਗੁਰੂ ਧ੍ਰੋਹੀ, ਪੰਥ ਧ੍ਰੋਹੀ ਅਖੌਤੀ, ਨਕਲੀ ਸੰਤ, ਅੱਜ ਦੇ ਮਸੰਦਾਂ ਨੂੰ ਮੱਥੇ ਟੇਕਣ ਲੱਗ ਪਏ ਹਾਂ ਤਾਂ ਇਹ ਕੁਕਰਮ

ਤਾਂ ਬਾਦਕ ਕੇ ਵੀ ਕਰ ਰਹੇ ਨੇ। ਉਨਾਂ ਨੂੰ ਕਿਸ ਮੂਹ ਕਹਾਂਗੇ ਕਿ ਐ ਸਿਖ ਸਰੂਪ ਵਿਚ ਬਿਪਰਨ ਦੀ ਔਲਾਦ, ਇਹ ਗੁਰਮਤਿ ਉਲਟ ਸ਼ਬਦ ਗੁਰੂ ਦੇ ਅਪਮਾਨ ਦਾ ਕੁਕਰਮ ਬੰਦ ਕਰ? ਇਹੀ ਜੇ ਉਨਾਂ ਤੋਂ ਹੁੰਦਾ ਹੈ ਜੋ ਅਜੇ ਸਿਖ ਤਾਂ ਨਹੀਂ, ਪਰ ਇਸੇ ਆਪਣੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾਂ ਹੋ ਸਕਦਾ ਗੁਰੂ ਜਾਨਣ ਵਾਲੇ ਸ਼ਰਧਾਲੂਆਂ ਤੋਂ ਹੁੰਦਾ ਹੈ ਤਾਂ ਇਹ ਸ਼ਬਦ ਗੁਰੂ ਦੇ ਅਪਮਾਨ ਦੀ ਬਿਪਰਨ ਰੀਤ ਨੂੰ ਬੰਦ ਕਰਨ ਲਈ ਉਨਾਂ ਨੂੰ ਕਿਸ ਮੂੰਹ ਕਹਿ ਸਕਾਂਗੇ?

3) ਕੀ ਆਪਜੀ ਇਸ ਗੁਰਮਤਿ ਸੱਚ ਤੋਂ ਅਣਜਾਣ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨਕਲ ਤੇ ਸੰਸਾਰ ਦਾ ਕੋਈ ਸਿਖ, ਅਸਿਖ ਕਿਤੇ ਸੰਸਾਰ ਤੇ ਕੋਈ ਗੁਰੂ ਘਰ ਜਾਂ ਇਮਾਰਤ ਉਸਾਰ ਨਹੀਂ ਸਕਦਾ? ਪਰ ਆਪਜੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨਕਲ ਤੇ ਆਪਣੇ ਲਈ ਹਰਿਮੰਦਰ ਉਸਾਰਨ ਵਾਲੇ ਸਿਖ ਸਰੂਪ ਵਿਚ ਬਨਾਰਸ ਦੇ ਠੱਗ, ਗੁਰੂ ਦੋਖੀ, ਪੰਥ ਦੋਖੀ ਬਿਪਰਣ ਔਲਾਦ ਦੇ ਇਸ ਅਤਿ ਘਿਨਾਉਣੇ ਕੁਕਰਮ ਵਿਚ ਸ਼ਮੂਲੀਅਤ ਨਾਲ ਅਤੇ ਇਸ ਕੁਕਰਮ ਦੀ ਪੂਰਤੀ ਲਈ ਮੱਦਦ ਦੇ ਪ੍ਰਣ ਦੇ ਰਹੇ ਹੋ।

4) ਵੀਰ ਜੀਉ, ਕਿਥੇ ਗੁਰੂ ਹੁਕਮਾਂ ਦੇ ਉਲਟ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨਕਲ ਤੇ ਆਪਣੇ ਲਈ ਹਰਿਮੰਦਰ ਉਸਾਰਨ ਦਾ ਕੁਕਰਮ ਕਰਨ ਵਾਲਾ ਸੰਤ ਦੇ ਨਾਮ ਥੱਲੇ ਸਾਕਤ, ਕਰਤੇ ਦੀ ਨਜ਼ਰ ਵਿਚ ਕੀੜਾ, ਜਮ ਜੂਨਾਂ ਨਰਕ ਭਾਗੀ। ਕਿਥੇ ਸਤਿਗੁਰੂ ਵਲੋਂ ਬਖਸ਼ਿਸ਼ ਕਰਤੇ ਦੇ ਨਾਮ ਭਾਗੀ ਸ਼ਹੀਦ ਸੂਰੇ ਸੰਤ ਭਗਤ ਸਿੰਘ, ਖਾਲਸੇ। ਪਰ ਆਪਜੀ ਦੋਹਾਂ ਦੀ ਤੁਲਨਾਂ ਕਰਦੇ ਹੋਏ ਨਕਲੀ ਸਾਧ ਨੂੰ ਸੱਚੇ ਸਾਧ, ਸੰਤ ਭਗਤ, ਗੁਰਸਿਖ ਸੂਰੇ ਖਾਲਸੇ ਦੇ ਬਰਾਬਰ ਖੜ੍ਹਾ ਕਰਕੇ, ਅਣਜਾਣਪੁਣੇ ਵਿਚ ਉਸੇ ਸ਼ਹੀਦ ਦੇ ਅੱਤ ਉਚੇ ਸੁਚੇ ਪਵਿਤ੍ਰ ਸਾਧ, ਸੰਤ, ਭਗਤ, ਗੁਰਸਿਖ ਸੂਰੇ ਖਾਲਸੇ ਕ੍ਰਿਦਾਰ ਨੂੰ ਬੜਾ ਹੀ ਨੀਵਾਂ ਕਰ ਦੇਣ ਦਾ ਭਾਰੀ ਗੁਨਾਹ ਕਰ ਰਹੇ ਹੋ। ਜਦ ਕਿ ਫਰਵਰੀ 2009 ਵਿਚ ਹੀ ਇਕ ਇਕੱਠ ਨੂੰ ਲਿਖੇ ਖਤ ਦੀ ਕਾਪੀ ਆਪਜੀ ਨੂੰ ਭੇਜ ਕੇ ਜਾਣੂੰ ਕਰਵਾਇਆ ਗਿਆ ਸੀ ਕਿ ਜੂਨ ਚੌਰਾਸੀ ਦੇ ਸ੍ਰੀ ਹਰਿਮੰਦਰ ਸਾਹਿਬ ਜੀ ਤੇ ਬਿਪਰਨ ਤਖਤ ਵਲੋਂ ਬੋਲੇ ਫੌਜੀ ਧਾਵੇ ਦੇ ਸਮੇਂ ਤੋਂ ਕਿਹੜਾ ਗੁਰਸਿਖ ਕਿਰਦਾਰ ਅਪਣੇ ਨਾਵਾਂ ਨਾਲ **ਸੰਤ** ਅਤੇ **ਖਾਲਸਾ** ਪਵਿਤ੍ਰ ਹਰਫ ਨਾਮ ਜੋੜ ਸਕਣ ਦਾ ਗੁਰੂ ਵਲੋਂ ਅਧਿਕਾਰੀ ਹੋ ਸਕਦਾ ਹੈ। ਇਸ ਅਤੇ ਅਜਿਹੀ ਕਿਸੇ ਹੋਰ ਤੁਲਨਾਂ ਦੇ ਭਾਰੀ ਗੁਨਾਹ ਦੀ ਭੁੱਲ ਨੂੰ ਉਸ ਦਿਨ ਹੋਰ ਵੀ ਚੰਗੀ ਤਰਾਂ ਮਹਿਸੂਸ ਕਰ ਹੀ ਜਾਵਾਂਗੇ ਜਿਸ ਦਿਨ ਗੁਰੂ ਗਿਆਨ ਨੂੰ, ਗੁਰੂ ਆਸਰੇ ਕਲਮਬੰਦ ਕਰਕੇ ਇਹ ਗੁਰਸਿਖ ਕਾਫਲਾ ਆਪਣੇ ਪੰਥ ਨਾਲ ਅਤੇ ਸੰਸਾਰ ਭਾਈਚਾਰੇ ਨਾਲ ਸਾਂਝਾ ਕਰ ਰਿਹਾ ਹੋਵੇਗੇ ਅਤੇ ਸੰਸਾਰ ਇਸ ਗੁਰਮਤਿ ਗਿਆਨ ਦੁਆਰਾ ਜੂਨ ਚੌਰਾਸੀ ਦੇ ਮੁਖੀ ਸ਼ਹੀਦ ਸੂਰੇ ਸੰਤ, ਭਗਤ, ਗੁਰਸਿਖ, ਖਾਲਸੇ, ਉਨਾਂ ਨਾਲ ਸ਼ਹੀਦ ਸੂਰੇ ਸਾਥੀ ਅਤੇ ਉਨਾਂ ਮਗਰੋਂ ਪੰਥ ਦੇ ਦੋ ਸ਼ਹੀਦ ਭਾਈ, ਜੋ ਸੱਭੇ ਆਪਣੀਆਂ ਸ਼ਹੀਦੀਆਂ, ਸ਼ਹਾਦਤਾਂ ਦੁਆਰਾ ਪੰਥ ਨੂੰ ਗੁਰੂ ਗਿਆਨ ਦੀ ਬਖਸ਼ਿਸ਼ ਪ੍ਰਾਪਤੀ ਦੇ ਕਾਵਲ ਕਰਕੇ ਗਏ ਨੇ, ਦੇ ਅਸਲ, ਅਸਲੀਅਤ ਸੱਚ ਦਰਸ਼ਨ, ਇਹ ਸੰਸਾਰ ਕਰ ਰਿਹਾ ਹੋਵੇਗਾ। ਉਂਜ ਤੇ ਗੁਰੂ ਆਸਰੇ www.mediapunjab ਅਤੇ **www.jaanbaazforce.in** ਤੇ ਔਨਲਾਇਨ ਲਿਖਤਾਂ ਵਿਚ ਬੁਧ ਬਬੇਕ ਖੋਜੀ ਗੁਰਸਿਖਾਂ ਲਈ ਇਸੇ ਸੰਦਰਭ ਵਿਚ ਇਸ਼ਾਰੇ ਪਹਿਲੋਂ ਹੀ ਦਰਜ ਹਨ।

ਹਾਂ ਸਮੇਂ ਤੋਂ ਪਹਿਲੇ ਇਹ ਅਸਲ, ਅਸਲੀਅਤ, ਸੱਚ ਦਰਸ਼ਨ ਕਰਨ ਵਾਲਾ ਵਡਭਾਗੀ ਉਹ ਹੀ ਹੋ ਸਕਦਾ ਹੈ ਜਿਸ ਨੇ ਗੁਰੂ ਅੱਗੇ ਇਹ ਪ੍ਰਣ ਅਰਦਾਸਾ ਸੋਧਕੇ ਕਿ ਹੁਣ ਆਪਣੇ ਪਵਿਤ੍ਰ ਗੁਰਧਾਮਾਂ ਤੇ ਕਾਬਜ ਸਿਖ ਸਰੂਪ ਵਿਚ ਦੁਸ਼ਟ ਅਕ੍ਰਿਤਘਣ, ਮਸੰਦ ਬਿਪਰਣ ਦੀ ਜੁਰਾਇਮਪੇਸ਼ਾ ਔਲਾਦ ਲਾਣੇਂ ਤੋਂ ਆਪਣੇ ਪਵਿਤ੍ਰ ਸਥਾਨਾਂ ਨੂੰ, ਆਪਣੀ ਸ਼ਰੋਮਣੀ ਗੁਰਦੁਆਰਾ ਕਮੇਟੀ ਨੂੰ, ਆਪਣੇਂ ਪੰਥ ਨੂੰ ਅਜਾਦ ਕਰਵਾਣਾਂ ਅਤੇ ਇਸ ਦੁਸ਼ਟ ਜੁੰਡਲੀ ਦੇ ਜਨਮ ਪਿਤਾ ਬਦੀ ਦੇ ਸਥਾਪਤ ਦਿੱਲੀ ਬਿਪਰਨ ਤਖਤ ਤੋਂ ਖਾਲਸੇ ਦੇ ਦੇਸ਼ ਦੀ ਆਜਾਦੀ ਦੇ ਜੂਨ ਚੌਰਾਸੀ ਦੇ ਸ਼ਹੀਦਾਂ ਵਲੋਂ ਜਾਰੀ ਹੋ ਚੁੱਕਿਓ ਹੁਕਮਨਾਮੇ ਦੀ ਪੂਰਤੀ ਨੂੰ ਆਪਣੇ ਲਈ ਗੁਰੂ-ਕਰਤੇ ਦਾ ਨਾ ਉਲਟਾਇਆ ਜਾ ਸਕਣ ਵਾਲਾ, ਹੁਕਮ ਰਜਾ ਫੁਰਮਾਨ ਕਰਕੇ ਇਸ ਗੁਰਸਿਖ ਕਾਫਲੇ ਦੇ ਨਾਲ ਹੋ ਗਿਆ ਹੈ, ਸਿਖ ਸੰਘਰਸ਼ ਦੀ ਅਗਵਾਈ ਜ਼ਿਮੇਵਾਰੀ, ਗੁਰਸਿਖ ਕਾਫਲੇ ਨਾਲ ਮਿਲਕੇ ਸੰਭਾਲ ਲਈ ਹੈ ਅਤੇ ਇਸ ਸਿਖ ਸਰੂਪ ਵਿਚ ਬਿਪਰਨ ਔਲਾਦ ਪੁਜਾਰੀ ਲਾਣੇ ਤੋਂ ਆਪਣੇ ਪਵਿਤ੍ਰ ਗੁਰਧਾਮਾਂ ਅਤੇ ਇਸ ਦੇ ਪਿਉ ਦਾਦੇ ਦਿੱਲੀ ਤਖਤ ਤੋਂ ਖਾਲਸੇ ਦੇ ਦੇਸ਼ ਦੀ ਆਜਾਦੀ ਲਈ ਸੱਭ ਕੁਰਬਾਨ ਦੇ ਪੰਥ ਨੂੰ ਪ੍ਰਣ ਦੁਆਰਾ ਗੁਰਸਿਖ ਖਾਲਸਾ ਪੰਥ ਦੇ ਮੰਚ ਉਤੇ ਗੁਰਸਿਖ ਕਾਫਲੇ ਨਾਲ ਪਰਖ ਲਈ ਖੜਾ ਕਰ ਲਿਆ ਹੈ।

ਇਨਾਂ ਹੁਕਮ ਰਜਾਈ ਸ਼ਹੀਦ ਪਵਿਤਰ ਮਨ ਆਤਮਾਵਾਂ ਦੇ ਅਸਲ, ਅਸਲੀਅਤ ਸੱਚ ਦੇ ਦਰਸ਼ਨ ਹੀ ਇਹ ਸੰਸਾਰ ਇਕੱਲੇ ਨਹੀਂ ਕਰ ਰਿਹਾ ਹੋਵੇਗਾ ਰਿਹਾ ਹੋਵੇਗਾ।

ਜੰਮਣ ਮਰਨ ਦਾ ਚਲਦਾ ਆ ਰਿਹਾ ਹੁਕਮ, ਕਰਤੇ ਰੱਬ ਦੀ ਹੋਂਦ ਅਤੇ ਹਸਤੀ ਦਾ ਸਬੂਤ ਸੱਭ ਸਾਹਮਣੇ ਹੁੰਦੇ ਹੋਏ ਵੀ ਮਨੁੱਖ ਜਾਤ ਇਹ ਸਬੂਤ ਮੰਗਦੀ ਆ ਰਹੀ ਹੈ। ਮਨੁੱਖ ਜਾਤ ਲਈ ਇਸ ਸੰਸਾਰ ਉਤੇ ਆਪਣੇ, ਹਰ ਜੀਵ ਦੇ ਅਤੇ ਇਸ ਦਿਸ, ਅਦਿਸ

ਸਰਿਸ਼ਟੀ ਦੇ ਸਿਰਜਨਹਾਰ ਮਾਲਕ ਰੱਬ ਦੀ ਹੋਂਦ ਅਤੇ ਹਸਤੀ ਦਾ ਸਬੂਤ, ਸ਼ਬਦ ਗੁਰੂ ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਇਸ ਇਕੋ ਇਕ ਕਰਤੇ ਸਿਰਜਣਹਾਰ ਦੇ ਆਪਾਂ ਲਈ ਇਕੋ ਇਕ ਸਦੀਵੀਂ ਸੱਚ ਦੇ ਪ੍ਰਕਾਸ਼ ਨਾਲ ਕਾਇਮ ਕਰ ਰਹੇ ਹੋਣਗੇ। ਨਾਮ ਸਰੂਪ ਹੀ ਭੌਤਕ ਸਰੀਰ ਵਿਚ ਪਿਤਾ ਗੁਰ ਸਤਿਗੁਰੂ ਗੁਰਮੁਖ ਗੁਰੂ ਬਾਬੇ ਨਾਨਕ, ਜਿਨਾਂ ਦੁਆਰਾ ਅਤੇ ਅਗਵਾਈ ਵਿਚ ਕਰਤੇ ਦੀ ਬੁਧ, ਸਿਖ ਮੱਤ ਦਾ ਇਸ ਧਰਤ ਤੇ ਪ੍ਰਗਟਾ ਹੋਇਆ, ਉਨਾਂ ਦੇ ਅਤੇ ਓਨਾਂ ਦੇ ਉਚੇ ਗੁਰਮਤਿ ਦਰ ਦੇ ਅਸਲ ਦਰਸ਼ਨ ਦਿਦਾਰੇ ਗੁਰੂ ਬਖਸ਼ਿਸ ਗੁਰੂ ਗਿਆਨ ਦੁਆਰਾ, ਇਹ ਸੰਸਾਰ ਕਰ ਰਿਹਾ ਹੋਵੇਗਾ।

5) ਸੋ ਵੀਰ ਜੀਉ ਜੋ ਇਸ ਪਖੰਡੀ, ਬਨਾਰਸ ਦੇ ਠੱਗ ਸਾਧ ਤੋਂ ਆਪਜੀ ਨੂੰ ਮਿਲੀ ਬਹੁਤ ਦਿਲ ਦੀ ਸ਼ਾਂਤੀ ਅਤੇ ਅਮਨ ਮਹਿਸੂਸ ਹੋਇਆ ਹੈ ਇਹ ਗੁਰਬਾਣੀ ਗੁਰੂ ਵਲੋਂ ਬਖਸ਼ਿਸ਼ ਅਧਿਆਤਮ ਸ਼ਾਂਤੀ, ਅਮਨ ਨਹੀਂ ਹੈ। ਸਗੋਂ ਇਸ ਹੰਕਾਰੀ ਸਾਕਤ ਨੇ ਗੁਰੂ ਹੁਕਮਾਂ ਦੇ ਉਲਟ ਦੁਨੀਆਵੀ ਸ਼ਕਤੀ ਦੇ ਜਬਰ ਜ਼ੋਰ ਨਾਲ ਤੋਰ ਚੜਾਏ ਜਾ ਰਹੇ ਕੁਕਰਮ ਦੀ ਜਿੱਤ ਦੇ ਨਸ਼ੇ ਦਾ ਆਪਜੀ ਨੂੰ ਵੰਡਿਆ ਗਰੂਰ, ਸਰੂਰ ਹੈ। ਜਿਸ ਨੇ ਤੁਸਾਂ ਨੂੰ ਅਧਿਆਤਮ ਸੁੱਖ ਦਾ ਭੁਲੇਖਾ ਪਾ ਕੇ, ਗੁਰੂ ਕਰਤੇ ਦੇ ਸੱਚੇ ਅਧਿਆਤਮ ਸੁੱਖ ਦੀ ਸਾਰ ਤੋਂ ਦੂਰ ਕਰ ਦਿੱਤਾ ਹੈ। ਇਹ ਇਕ ਆਪਾਂ ਹੀ ਨਹੀਂ, ਪੁਜਾਰੀ ਲਾਣਾਂ, ਇਸ ਦੇ ਮਾਇਆਧਾਰੀ ਚਾਲਕ, ਬਿਪਰਣ ਬਾਦਲਕੇ, ਬਿਪਰਣ ਦਿੱਲੀ ਤਖਤ, ਸੰਸਾਰ ਦੇ ਹੁਕਮਰਾਨ ਮਾਇਆਧਾਰੀ ਦੇਸ਼ ਅਤੇ ਧਰਮ ਚਾਲਕ ਵੀ ਹਨ ਜਿਥੇ ਸਿੱਧੇ ਅਸਿਧੇ ਕਰਤੇ ਦੀ ਹੀ ਖੇਲ, ਹੰਕਾਰੀ ਦੁਨਿਆਵੀ ਨਕਲੀ ਰੱਬ ਸ਼ਿਵ ਸ਼ਕਤ- ਦੁਨਿਆਵੀ ਤਾਕਤ ਦਾ ਹੰਕਾਰ ਨਸ਼ਾ, ਗਰੂਰ- ਸਰੂਰ- ਸੁਖ ਭੁਲੇਖ ਬਣ, ਆਪਣੇ ਮਗਰ ਤੋਰ, ਆਪਣੇ ਅਸਲ ਜਾਵੇ, ਅੱਲਾ, ਗੌਡ, ਰਾਮ-ਕਰਤਾ ਪੁਰਖ ਤੋਂ ਅਤੇ ਉਸ ਦੇ ਅਸਲ ਅਧਿਆਤਮਕ ਸੁਖ ਦੀ ਸਾਰ ਤੋ, ਇਸ ਦੇ ਵਗਿਆਨ- ਗਿਆਨ ਤੋਂ ਬੜੀ ਦੂਰ ਕਰੀ ਰੱਖਿਆ ਹੋਇਆ ਹੈ।

ਸਾਡੇ ਗੁਰੂ ਪਿਆਰੇ, ਸਾਡੇ ਪੰਥ ਪਿਆਰੇ ਅਣਥੱਕ ਗੁਰਸਿਖ ਸੇਵਾਦਾਰ ਵੀਰ ਸਰਦਾਰ ਸਿਮਰਨਜੀਤ ਸਿੰਘ ਜੀ ਇਹ ਸਨ ਗੁਰੂ ਹੁਕਮਾਂ ਦੇ ਉਲਟ ਹੋ ਗਈਆਂ ਘੋਰ ਅਵੱਗਿਆਵਾਂ ਅਤੇ ਸੱਚੇ ਸੰਤ ਸ਼ਹੀਦ ਦਾ ਅਪਮਾਨ, ਜਿਸ ਕਰਕੇ ਇਨਾਂ ਗੁਰੂ ਦੇ ਨਿਮਾਣਿਆਂ, ਨਿਤਾਣਿਆਂ ਇਹ ਤਾਹਨੇ ਮੇਹਣਿਆਂ ਦੀਆਂ ਮੁੱਕੀਆਂ ਆਪਜੀ ਨੂੰ ਮਾਰਨ ਆਉਣ ਦਾ ਗੁਰਸਿਖ ਕਾਫਲੇ ਵਲੋਂ ਫੈਸਲਾ ਲਿਆ ਸੀ। ਪਰ ਆਪਣੇ ਗੁਰੂ ਵੱਲੋਂ ਸਾਨੂੰ ਇਹ ਮੋਕਾ ਹੀ ਨਾ ਦਿੱਤਾ ਕਿ ਅਸੀਂ ਆਪਣੇ ਪੰਥ ਦੇ ਹੁਣ ਤੱਕ ਰਹੇ ਅਡੋਲ ਸੇਵਾਦਾਰ ਜਰਨੈਲ ਭਾਈ ਸਿਮਰਨਜੀਤ ਸਿੰਘ ਮਾਨ ਜੀ ਨੂੰ, ਉਨਾਂ ਦੀ ਪੰਥ ਲਈ ਹੋਈ ਸੇਵਾ ਨੂੰ ਅਜਾਈਂ ਜਾਣ ਤੋਂ ਬਚਾਉਣ ਲਈ ਮੁੱਕੀਆਂ ਮਾਰਨ ਆਈਏ। ਸਗੋਂ ਇਹ ਖੁਸ਼ੀਆਂ ਭਰੀ ਖਬਰ ਪੜ੍ਹਨ ਸੁਣਨ ਨੂੰ ਮਿਲੀ, ਜਿਸ ਵਿਚ ਆਪਜੀ ਵਲੋਂ ਬਹੁਤ ਹੀ ਫਰਾਖ ਦਿਲੀ ਨਾਲ ਇਸ ਅਖੋਤੀ ਬਨਾਰਸ ਦੇ ਠੱਗ ਸਾਧ ਦੇ ਸਮਾਗਮ ਵਿਚ ਸ਼ਾਮਲ ਹੋਣ ਦੀ ਭੁੱਲ ਨੂੰ ਸਵਿਕਾਰ ਕੀਤਾ ਅਤੇ ਪੰਥ ਤੋਂ ਇਸ ਮਾੜੇ ਵਿਚ ਸ਼ਮੂਲੀਅਤ ਦੀ ਮੁਆਫੀ ਮੰਗੀ। ਵੀਰ ਜੀਉ ਗੁਰਸਿਖ ਅਣਜਾਣੇ ਕਦੇ ਵੀ ਕੋਈ ਭੁੱਲ ਕਰ ਸਕਦਾ ਹੈ। ਪਰ ਜਦ ਉਸ ਨੂੰ ਖੁਦ ਹੀ ਭੁੱਲ ਦਾ ਅਹਿਸਾਸ ਹੋ ਜਾਵੇ ਜਾਂ ਇਹ ਭੁੱਲ ਦਾ ਅਹਿਸਾਸ ਕੋਈ ਹੋਰ ਗੁਰਸਿਖ ਭਾਈ ਮੁੱਕੀਆਂ ਮਾਰਕੇ ਕਰਵਾ ਜਾਵੇ ਅਤੇ ਗੁਰਸਿਖ ਫਰਾਖ ਦਿਲੀ ਨਾਲ ਅਪਣੀ ਭੁੱਲ ਦਾ ਸੁਧਾਰ ਕਰ ਜਾਵੇ, ਤਦ ਹੀ ਗੁਰੂ ਦਾ ਸਿਖ, ਸਿਖ ਅਤੇ ਸੇਵਾਦਾਰ ਰਹਿ ਸਕਦਾ ਹੈ। ਜਦ ਕਿ ਇਹ ਮੁੱਕੀਆਂ ਮਾਰਨ ਤੇ ਵੀ ਆਪਣੀ ਭੁੱਲ ਦਾ ਦਾ ਪਸ਼ਤਾਵਾ ਤੇ ਸੁਧਾਰ ਨਾ ਕਰਨ ਵਾਲਾ, ਮਨਭਾਣੇ ਸਾਦ ਕਰਨ ਤੇ ਉਤਰ ਆਇਆ ਸਾਕਤ, **ਖਸਮੈ ਨਦਰੀ ਕੀੜਾ ਆਵੈ** ਹੈ।

ਇਹ ਗੁਰਸਿਖ ਕਾਫਲਾ ਆਪਜੀ ਵਲੋਂ ਅਣਜਾਣੇ ਹੋਈ ਭੁੱਲ ਦੇ ਸੁਧਾਰ ਨਾਲ ਨਿਭਾਏ ਬਣਦੇ ਗੁਰਸਿਖ ਕਿਰਦਾਰ ਲਈ ਆਪਜੀ ਦਾ ਬਹੁਤ ਹੀ ਧੰਨਵਾਦੀ ਹੈ ਜੋ ਆਪਜੀ ਵਲੋਂ ਇਸ ਨੇਕ ਗੁਰਸਿਖ ਕਰਮ ਦੁਆਰਾ ਹੋਰ ਅਣਜਾਣ ਭੁੱਲਣਹਾਰਾਂ ਲਈ ਵੀ ਗੁਰਸਿਖ ਹੋਣ ਦੀ ਇਕ ਸੁਨਿਹਰੀ ਮਿਸਾਲ ਪੈਦਾ ਕੀਤੀ ਹੈ। ਜਦ ਕਿ ਕਦੇ ਜਰਮਨੀ ਤੋਂ ਆਪਜੀ ਦੀ ਨਿੰਦਾ ਦੇ ਐਵਰੈਸਟ ਉਸਾਰ ਦੇਣ ਵਾਲਾ, ਮੁੱਕੀਆਂ ਮਾਰਨ ਤੇ ਵੀ ਬਾਜ ਨਾ ਆਇਆ **ਖਸਮੈ ਨਦਰੀ ਕੀੜਾ ਆਵੈ** ਬਣਨੋਂ। ਸਗੋਂ ਫਰੰਕਫੋਰਟ ਜਰਮਨੀ ਦੇ ਗੁਰਦੁਆਰੇ, ਪ੍ਰਬੰਧਕ ਦਾ ਬੁਰਕਾ ਪਾ, ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਲਾਉਣ ਦੀ ਅੱਤ ਘਨਾਉਣੀ ਗੁਰਮਤਿ ਉਲਟ ਚਾਲੂ ਕੀਤੀ ਬਿਪਰਨ ਰੀਤ ਨੂੰ ਨਵੇਂ ਗੁਰੂਘਰ ਪ੍ਰਬੰਧਕਾਂ ਨੂੰ ਵੀ ਇਹ ਬਿਪਰਨ ਰੀਤ ਚਾਲੂ ਰੱਖਣ ਦਾ ਪਾਬੰਦ ਬਣਾ ਚੁੱਕਾ ਹੈ। ਆਪਣੀ ਇਸ ਬਿਪਰਨ ਰੀਤ ਵਿਚ ਪੂਰੇ ਦੇਸ਼ ਦੀਆਂ ਗੁਰਦੁਆਰਾ ਕਮੇਟੀਆਂ ਨੂੰ, ਸਿਖ ਧਾਰਮਕ, ਰਾਜਨੀਤਕ ਸੰਸਥਾਵਾਂ, ਜਥੇਬੰਦੀਆਂ ਅਤੇ ਅਖਬਾਰਾਂ ਦੇ ਨੁਮਾਇੰਦਿਆਂ ਨੂੰ ਆਪਣੇ ਮਗਰ ਲਾਕੇ, ਸ਼ਬਦ ਗੁਰੂ ਦੇ ਪ੍ਰਕਾਸ਼ ਹਾਲ ਵਿਚ ਤਸਵੀਰਾਂ ਲਾਉਣਾਂ, ਗੁਰਮਤਿ ਅਨੁਸਾਰ ਦਰਸਾ ਰਿਹਾ ਹੈ ਅਤੇ ਸਮਾਗਮਾਂ ਤੇ ਸਿਖ ਸਖਸ਼ੀਅਤਾਂ ਨੂੰ ਸੱਦਕੇ, ਆਪਣੀ ਚਾਲੂ ਕੀਤੀ ਗੁਰੂਘਰ ਬਿਪਰਨ ਰੀਤ ਨੂੰ ਸਹੀ ਹੋਣ ਦੀ ਮਾਨਤਾ ਦੁਆ ਰਿਹਾ ਹੈ। ਡਾ ਔਲਖ ਨੂੰ ਲਿਖੇ ਇਕ ਖਤ ਦੀ ਕਾਪੀ ਆਪ ਸਭ ਦੀ ਜਾਣਕਾਰੀ ਲਈ ਨਾਲ ਕਰ ਦਿੱਤੀ ਗਈ ਹੈ। ਇਥੋਂ ਤੱਕ ਕਿ ਇਸ ਆਪਣੀ ਗੁਰਮਤਿ ਉਲਟ ਬਿਪਰਨ ਰੀਤ ਕਰਤੂਤ ਵਿਚ ਸ਼ਹੀਦਾਂ ਦੇ ਅਨਭੋਲ ਪ੍ਰਵਾਰਾਂ ਦੀ ਸ਼ਮੂਲੀਅਤ ਕਰਵਾਕੇ, ਆਪਣੇ ਮਗਰ ਸੱਭ ਲਈ ਜਮ ਪੰਥ ਮਾਰਗ-ਨਰਕ ਪੱਕਾ ਕਰੀ

ਬੈਠਾ ਹੈ। ਦੂਜੇ ਪਾਸੇ ਦਸ਼ਮੇਸ਼ ਪਿਤਾ ਦੇ ਹੁਕਮ ਗੁਰੂ ਮਾਨਿਓ ਗ੍ਰੰਥ ਤੇ ਚਲਦੇ ਹੋਏ ਹਾਜਰ, ਨਾਜਰ, ਪ੍ਰਤੱਖ ਸ਼ਬਦ ਗੁਰੂ ਦੇ ਬਰਾਬਰ ਕਿਸੇ ਹੋਰ ਗ੍ਰੰਥ ਦਾ ਪ੍ਰਕਾਸ ਨਾ ਹੋ ਸਕਣ ਦੀਆਂ ਗੁਰੂ ਮੱਤਾਂ ਦੂਜਿਆਂ ਨੂੰ ਉਚੀ ਉਚੀ ਦੇ ਰਿਹਾ ਹੈ।

ਵੀਰ ਸਿਮਰਨਜੀਤ ਸਿੰਘ ਮਾਨ ਜੀ ਆਪਜੀ ਨੂੰ ਵੀ ਸੰਬੋਧਨ ਇਹ ਹੋਕਾ ਖਤ ਲਿਖ ਹੋਣਾਂ ਅਜੇ ਸ਼ੁਰੂ ਹੀ ਹੋਇਆ ਸੀ ਕਿ ਰੋਜਾਨਾਂ ਸਪੋਕਸਮੈਨ 14.01.2010 ਵਿਚ ਛਪੀ ਆਪਜੀ ਦੇ ਹਵਾਲੇ ਨਾਲ ਖਬਰ, ਜਿਸ ਦਾ ਸਰਲੇਖ, **ਖਾਲਿਸਤਾਨ ਦੇ ਮੁੱਦੇ ਉਤੇ ਲੜਾਂਗੇ ਸ਼੍ਰੋਮਣੀ ਕਮੇਟੀ ਚੋਣਾਂ**, ਹੈ ਅਤੇ ਇਸ ਸਰਲੇਖ ਦੀ ਦੂਜੀ ਸੁਰਖੀ ਸਤਰ **ਸਿਖ ਧਰਮ ਵਿਚ ਕੋਈ ਸੰਤ ਨਹੀ**, ਹੈ।

ਵੀਰ ਜੀ ਸਿਖ ਧਰਮ ਵਿਚ ਕੋਈ ਸੰਤ ਨਹੀਂ ਹੈ, ਇਹ ਗੁਰਮਤਿ ਦੇ ਉਲਟ ਬਖਿਆਨ ਆਪਜੀ ਦੇ ਮੁਖਾਰਬਿੰਦ ਤੋਂ ਅੱਜ ਦੇ ਸੰਤ ਨਾਮ ਧਰਾਕੇ, ਇਸ ਪਵਿਤ੍ਰ ਨਾਮ ਨੂੰ ਅਤੇ ਦਮਦਮੀ ਟਕਸਾਲ ਦੇ ਨਾਮ ਨੂੰ ਕਲੰਕਤ ਕਰਨ ਵਾਲੇ ਸਿਖ ਸਰੂਪ ਵਿਚ ਬਨਾਰਸ ਦੇ ਠੱਗ ਜੁਰਾਇਮ ਪੇਸ਼ਾ ਬਿਪਰਨ ਔਲਾਦ, ਦੁਸ਼ਟ ਮਸੰਦ ਧੁਮਾਂ ਅਤੇ ਇਸ ਦੇ ਨਕਲੀ ਸੰਤ ਸਮਾਜ ਦੀਆਂ ਪੰਥ ਨਾਲ ਅਕ੍ਰਿਤਘਣੀਂ ਕਰਤੂਤਾਂ ਤੋਂ, ਜਿਨਾਂ ਅਕਿਤਘਣਾਂ ਦਾ ਮਨ, ਸ਼ਹੀਦ ਸੰਤ ਨੂੰ ਜਿੰਦਾ ਭਗੌੜਾ ਹੋਣ ਦਾ 20 ਸਾਲ ਕੁਫਰ ਤੋਲਦੇ ਰਹਿਣ ਨਾਲ ਵੀ ਨਹੀਂ ਭਰਿਆ ਤੇ ਹੁਣ ਗੁਰੂ ਦਾ ਸ਼ਰੀਕ, ਜਬਰੀਂ ਬਿਪਰਨ ਦੇ ਕੂੜ ਭਰੇ ਕਿਤਾਬਚੇ ਨੂੰ ਦਸ਼ਮੇਸ਼ ਪਿਤਾ ਦੀ ਬਾਣੀ ਐਲਾਨਕੇ ਪੈਦਾ ਕੀਤਾ ਹੈ, ਆਪਜੀ ਦਾ ਮਨ ਅਤਿਅੰਤ ਦੁਖਿਆ ਹੋਣ ਕਰਕੇ ਅਤੇ ਇਨਾਂ ਸਿਖਰ ਪੰਥ ਦੋਖੀ ਮਸੰਦ ਲਾਣੇ ਦੇ ਖਿਲਾਫ ਖੜਨ ਦਾ ਅਤਿਅੰਤ ਜੋਸ਼ ਹੋਣ ਕਰਕੇ, ਜਲਦ ਬਾਜੀ ਵਿਚ ਨਾ ਸਹੀ ਨਿਕਲ ਗਿਆ ਜਾਪਿਆ ਹੈ। ਇਸ ਲਈ ਕਿ ਆਪਜੀ ਦੇ ਹਰਫਾਂ '**ਸਿਖ ਧਰਮ ਵਿਚ ਕੋਈ ਸੰਤ ਨਹੀਂ ਹੈ, ਸੰਤ ਤਾਂ ਹਿੰਦੂ ਧਰਮ ਵਿਚ ਹੁੰਦੇ ਹਨ**' ਤੋਂ ਸੰਗਤ ਵਿਚ ਭੁਲੇਖਾ ਨਾ ਪੈ ਜਾਵੇ ਅਤੇ ਭੁਲੇਖਾ ਨਾ ਰਹਿ ਜਾਵੇ, ਗੁਰਮਤਿ ਅਨੁਸਾਰ ਸਾਧ, ਸੰਤ, ਭਗਤ ਪਵਿਤਰ ਹਰਫਾਂ ਤੇ ਗੁਰਬਾਣੀ ਫੁਰਮਾਨ ਦੇ ਸੱਚ ਨੂੰ ਇਥੇ ਸੰਖੇਪ ਵਿਚ ਦਰਜ ਕਰਕੇ ਅੱਗੇ ਤੁਰਦੇ ਹਾਂ।

ਸੰਗਤ ਜੀ **ਸਿਖ ਧਰਮ ਵਿਚ ਕੋਈ ਸੰਤ ਨਹੀਂ ਹੈ**, ਭਾਈ ਸਿਮਰਨਜੀਤ ਸਿੰਘ ਜੀ ਦੇ ਮੂਹੋਂ, ਸਿਖ ਸਰੂਪ ਵਿਚ ਬਨਾਰਸ ਦੇ ਠੱਗ ਜੁਰਾਇਮ ਪੇਸ਼ਾ ਬਿਪਰਨ ਔਲਾਦ, ਦੁਸ਼ਟ ਮਸੰਦ ਧੁਮਾਂ ਤੇ ਇਸ ਦੇ ਨਕਲੀ ਸੰਤ ਸਮਾਜ ਦੀਆਂ ਪੰਥ ਨਾਲ ਅਕ੍ਰਿਤਘਣੀਂ ਕਰਤੂਤਾਂ ਤੋਂ ਅਤਿਅੰਤ ਦੁਖੀ ਹੋਣ ਕਰਕੇ ਅਤੇ ਇਸ ਲਾਣੇ ਦੇ ਖਿਲਾਫ ਖੜਨ ਦਾ ਬੇਹੱਦ ਜਜ਼ਬਾ ਹੋਣ ਕਰਕੇ ਜਲਦ ਬਾਜੀ ਵਿਚ ਗਲਤ ਨਿਕਲੇ ਹੀ ਹੋ ਸਕਦੇ ਹਨ। ਜਦ ਕਿ ਸਾਡੇ ਪੂਰਨ ਗੁਰੂ ਨੇ ਤਾਂ ਬੁਧ ਬਬੇਕ ਆਪਣੇ ਖਾਲਸਾ ਪੰਥ ਨੂੰ ਸਾਧ, ਸੰਤ, ਭਗਤ ਅਤੇ ਇਨਾਂ ਦੀ ਸੰਗਤ ਵਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਜੇ ਉਹ ਨਿਤਨੇਮ ਦੀਆਂ ਬਾਣੀਆਂ ਹੀ ਵਿਚਾਰ ਲਵੇ ਤਾਂ ਇਨਾਂ ਦੀ ਸੱਚੀ ਹੋਂਦ ਵਾਰੇ ਕੋਈ ਦੁਬਧਾ ਨਹੀਂ ਰਹਿਣ ਦਿੱਤੀ ਕਿ ਕੋਈ ਸਿਖ ਜਾਂ ਸਿਖ ਗਿਆਨੀ ਵਿਦਵਾਨ ਗੁਰੂ ਮੱਤ ਦੀ ਥਾਂ, ਆਪਣੀ ਮੱਤ ਨਾਲ ਕਹਿ ਸਕੇ ਕਿ ਜੀ ਸਿਖ ਧਰਮ ਵਿਚ ਕੋਈ ਸੰਤ ਨਹੀਂ ਹੈ। ਗੁਰਬਾਣੀ ਵਿਚ ਇਕ ਦੋ ਨਹੀਂ ਅਣਿਗਿਣਤ ਫੁਰਮਾਨ ਦਰਜ ਹਨ ਜਿਸ ਵਿਚ ਪਵਿਤ੍ਰ ਹਰਫ ਸਾਧ, ਸੰਤ, ਭਗਤ ਅਤੇ ਇਨਾਂ ਦੀ ਸੰਗਤ ਕਰਨ ਦੀ ਗੁਰੂ ਹਦਾਇਤ ਕਰਦਾ ਮਿਲਦਾ ਹੈ। ਪਰ ਕਿਤੇ ਵੀ ਗੁਰੂ **ਸਿਖ ਧਰਮ ਵਿਚ ਕੋਈ ਸੰਤ ਨਹੀਂ ਹੈ**, ਦੀ ਹਾਮੀ ਨਹੀਂ ਭਰਦਾ। ਇਹ ਗੁਰਮਤਿ ਸੱਚ ਵੇਖਣ ਲਈ ਮੁਖ ਰੂਪ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਕੁਝ ਪੰਨਿਆਂ ਨੂੰ ਹੀ ਇਥੇ ਲਿਆ ਗਿਆ ਹੈ ਅਤੇ ਅੰਤ ਤੱਕ ਗੁਰਬਾਣੀ ਇਸੇ ਗੁਰਮਤਿ ਸੱਚ ਦੀ ਵਿਸਥਾਰ ਨਾਲ ਗਵਾਹੀ ਭਰਦੀ ਹੈ।

ਬਿਪਰਣ ਬ੍ਰਾਹਮਣ ਪਾਂਡਾ ਮਾਨਸ ਦੀ ਇਕ ਜਾਤ ਭਾਈ ਨੂੰ ਮੰਨੂ ਸਿਮ੍ਰਤੀ ਦੁਆਰਾ ਉਚਾਂ ਨੀਚਾਂ ਵਿਚ ਵੰਡ ਕੇ ਆਪ ਸੱਭ ਤੋਂ ਆਪਣੇ ਆਪਨੂੰ ਸਰੇਸ਼ਟ, ਪਵਿਤ੍ਰ ਉਚਾ ਹੀ ਇਕੱਲਾ ਨਹੀਂ ਐਲਾਨਦਾ। ਸਗੋਂ ਮੈਂ ਹੀ ਬ੍ਰਹੰਮ ਐਲਾਨਦਾ ਆਪਣੇ ਹੀ ਨਿਰਾਕਾਰ ਸਿਰਜਣਹਾਰ ਰੱਬ ਦੀ ਥਾਂ ਆਪਨੂੰ ਇਨਸਾਨ ਦਾ ਸਿਰਜਣਹਾਰ ਰੱਬ ਖੜਾ ਕਰਦਾ ਹੈ।

ਸੰਤ ਸ਼ਬਦ ਇਸਾਈ ਮੱਤ ਨੂੰ ਮੰਨਣ ਵਾਲਿਆਂ ਅਤੇ ਸੰਸਾਰ ਦੇ ਹੋਰ ਧਰਮਾਂ ਦੇ ਪੈਰੋਕਾਰਾਂ ਅਪਣੇ ਧਾਰਮਕਿ ਪੁਰਸ਼ਾਂ ਦੇ ਨਾਵਾਂ ਨਾਲ ਜੁੜਿਅ ਹੋਣ ਕਰਕੇ ਉਨਾਂ ਦੀ ਸੱਭਿਅਤਾ ਦਾ ਅੰਗ ਹੈ। ਉਹ ਦੁਨਿਆਵੀ, ਜਿਨਾਂ ਧਰਮ ਦੇ ਨਾਮ ਤੇ ਆਪਣੇ ਨਾਮ ਨਾਲ ਖੁਦ ਜਾਂ ਉਨਾਂ ਦੇ ਨਾਮ ਨਾਲ ਉਨਾਂ ਦੇ ਪ੍ਰੇਮੀਆਂ ਵਾਲੋਂ ਜੋੜਿਆ ਜਾਂ ਅੱਜ ਵੀ ਆਪਣੇ ਨਾਮ ਨਾਲ ਇਹ ਪਵਿਤ੍ਰ ਹਰਫ ਸੰਤ ਜੋੜਿਆ ਹੋਇਆ ਹੈ। ਗੁਰਬਾਣੀ ਇਨਾਂ ਸੰਤ ਕਹਾਉਂਦਿਆਂ ਨੂੰ ਸੰਤ ਹਰਫ ਦੁਆਰਾ ਹੀ ਸੰਬੋਧਨ ਹੁੰਦੀ ਹੈ। ਉਨਾਂ ਅੱਗੇ ਅਸਲ ਨਿਰਾਕਾਰ ਰੱਬ ਦੇ ਅਸਲ ਸਰਜੀ ਸੰਤ, ਸਾਧੂ, ਭਗਤ ਨਾਮ ਅਤੇ ਸਰਜੀ ਨਾਮ ਕਿਓਂ ਦਾ ਵੀ ਉਨਾਂ ਨਾਲ ਸੱਭ ਨੂੰ ਗਿਆਨ ਦੇਂਦੀ ਹੈ:

ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥ ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥ (ਪੰਨਾਂ 10)

ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ॥

ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ ॥ (ਪੰਨਾਂ 27)

ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ ॥ ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ ॥

ਨਾਮੁ ਨਿਧਾਨੁ ਸਤਗੁਰੂ ਦਿਖਾਲਿਆ ਹਰਿ ਰਸੁ ਪੀਆ ਅਘਾਏ ॥ (ਪੰਨਾਂ 29)
ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥ ਸਤਗੁਰੁ ਸੇਵਿ ਸੁਖੁ ਪਾਇਆ ਵਿਚਹੁ ਗਇਆ ਗੁਮਾਨੁ ॥
ਦਰਿ ਸੇਵਨਿ ਸੰਤ ਜਨ ਖੜੇ ਪਾਇਨਿ ਗੁਣੀ ਨਿਧਾਨੁ ॥ (ਪੰਨਾਂ 32)
ਸੰਤ ਜਨਹੁ ਮਿਲਿ ਭਾਈਹੋ ਸਚਾ ਨਾਮੁ ਸਮਾਲਿ ॥ ਤੋਸਾ ਬੰਧਹੁ ਜੀਅ ਕਾ ਐਥੈ ਓਥੈ ਨਾਲਿ ॥ (ਪੰਨਾਂ 49)
ਸੰਤ ਜਨਹੁ ਸੁਣਿ ਭਾਈਹੋ ਛੂਟਨੁ ਸਾਚੈ ਨਾਇ ॥ ਗੁਰ ਕੇ ਚਰਣ ਸਰੇਵਣੇ ਤੀਰਥ ਹਰਿ ਕਾ ਨਾਉ ॥ (ਪੰਨਾਂ 52)
ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥ ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥
ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥ ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥ ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ॥ (ਪੰਨਾਂ 918)
ਭਗਤਾ ਕੀ ਚਾਲ ਨਿਰਾਲੀ ॥ ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥ ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥ ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥ ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥ ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥ (ਪੰਨਾਂ 918-919)

ਇਥੇ ਕੁਝ ਗੁਰਬਾਣੀ ਫੁਰਮਾਨ ਜਿਨਾਂ ਵਿਚ ਪਵਿਤ੍ਰ ਹਰਫ ਸਾਧ, ਸਾਧੂ, ਸਾਧੂ ਧੂਰਿ, ਸਾਧੂ ਕੀ ਹੋਹੁ ਰੇਣੁਕਾ, ਸੰਗਤਿ ਨਿਤ ਸਾਧ ਕੀ, ਮਲਦੇ ਹਨ:
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ (ਪੰਨਾਂ 6)
ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥ (ਪੰਨਾਂ 8)
ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥ ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥ (ਪੰਨਾਂ 21)
ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ ॥ ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ ॥
ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ ॥ (ਪੰਨਾਂ 45)
ਮਿਲਿ ਸਾਧੂ ਮੁਖੁ ਊਜਲਾ ਪੂਰਬਿ ਲਿਖਿਆ ਪਾਇ ॥ ਗੁਣ ਗੋਵਿੰਦ ਨਿਤ ਗਾਵਣੇ ਨਿਰਮਲ ਸਾਚੈ ਨਾਇ ॥ (ਪੰਨਾਂ 46)
ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥ ਕਰਿ ਸੰਗਤਿ ਨਿਤ ਸਾਧ ਕੀ ਗੁਰ ਚਰਣੀ ਚਿਤੁ ਲਾਇ ॥ (ਪੰਨਾਂ 47)
ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ ਨਾਉ ॥ ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ ॥
ਐਥੈ ਮਿਲਹਿ ਵਡਾਈਆ ਦਰਗਹਿ ਪਾਵਹਿ ਥਾਉ ॥ (ਪੰਨਾਂ 47-48)
ਤੀਰਥ ਵਰਤ ਲਖ ਸੰਜਮਾ ਪਾਈਐ ਸਾਧੂ ਧੂਰਿ ॥ ਲੂਕਿ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ ॥ (ਪੰਨਾਂ 48)

ਇਥੇ ਕੁਝ ਗੁਰਬਾਣੀ ਫੁਰਮਾਨ ਜਿਨਾਂ ਵਿਚ ਪਵਿਤ੍ਰ ਹਰਫ ਸਾਧਸੰਗਤਿ, ਸੇਵਾ ਸਾਧ, ਮਿਲਿ ਸਾਧੂ, ਸੰਗਤਿ ਸਾਧ, ਸਾਧਸੰਗਤੀ, ਸਾਧਸੰਗਿ ਮਲਦੇ ਹਨ:
ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥ ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥ ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥ ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ ॥ (ਪੰਨਾਂ 12)
ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥ ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥ ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥ ਕਰਿ ਡੰਡਉਤ ਪੁਨੁ ਵਡਾ ਹੇ ॥੧॥ ਰਹਾਉ ॥ ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥ ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥ (ਪੰਨਾਂ 13)
ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ ॥ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ ॥ (ਪੰਨਾਂ 20)

ਜਿਨਿ ਕਿਨੈ ਪਾਇਆ ਸਾਧਸੰਗਤੀ ਪੂਰੈ ਭਾਗਿ ਬੈਰਾਗਿ ॥ ਮਨਮੁਖ ਫਿਰਹਿ ਨ ਜਾਣਹਿ ਸਤਗੁਰੁ ਹਉਮੈ ਅੰਦਰਿ ਲਾਗਿ ॥
ਨਾਨਕ ਸਬਦਿ ਰਤੇ ਹਰਿ ਨਾਮਿ ਰੰਗਾਏ ਬਿਨੁ ਭੈ ਕੇਹੀ ਲਾਗਿ ॥ (ਪੰਨਾਂ 29)

ਭਾਈ ਰੇ ਸੁਖੁ ਸਾਧਸੰਗਿ ਪਾਇਆ ॥ ਲਿਖਿਆ ਲੇਖੁ ਤਿਨਿ ਪੁਰਖਿ ਬਿਧਾਤੈ ਦੁਖੁ ਸਹਸਾ ਮਿਟਿ ਗਇਆ ॥ (ਪੰਨਾਂ 42)

ਸਾਧਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਣੁ ॥ ਜਿਸ ਤੇ ਸੋਝੀ ਮਨਿ ਪਈ ਮਿਲਿਆ ਪੁਰਖੁ ਸੁਜਾਣੁ ॥
ਨਾਨਕ ਡਿਠਾ ਸਦਾ ਨਾਲਿ ਹਰਿ ਅੰਤਰਜਾਮੀ ਜਾਣੁ ॥ (ਪੰਨਾਂ 43)

ਸੇਵਾ ਮੰਗੈ ਸੇਵਕੋ ਲਾਈਆਂ ਅਪੁਨੀ ਸੇਵ ॥ ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ ॥ (ਪੰਨਾਂ 43-44)

ਸਾਧਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ ॥ ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥ (ਪੰਨਾਂ 44)

ਪੂਰੇ ਗੁਰ ਤੇ ਪਾਈਐ ਪਰਗਟੁ ਸਭਨੀ ਲੋਇ ॥ ਸਾਧਸੰਗਤਿ ਕੈ ਘਰਿ ਵਸੈ ਏਕੋ ਸਚਾ ਸੋਇ ॥ (ਪੰਨਾਂ 44-45)

ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ ॥ ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ ॥
ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ ॥ (ਪੰਨਾਂ 45)

ਜਨਮ ਮਰਣ ਕਾ ਭਉ ਗਇਆ ਭਾਉ ਭਗਤਿ ਗੋਪਾਲ ॥ ਸਾਧੂ ਸੰਗਤਿ ਨਿਰਮਲਾ ਆਪਿ ਕਰੇ ਪ੍ਰਤਿਪਾਲ ॥
ਜਨਮ ਮਰਣ ਕੀ ਮਲੁ ਕਟੀਐ ਗੁਰ ਦਰਸਨੁ ਦੇਖਿ ਨਿਹਾਲ ॥ (ਪੰਨਾਂ 45)

ਸਾਧਸੰਗਤਿ ਮਨਿ ਵਸੈ ਸਾਚੁ ਹਰਿ ਕਾ ਨਾਉ ॥ ਸੇ ਵਡਭਾਗੀ ਨਾਨਕਾ ਜਿਨਾ ਮਨਿ ਇਹੁ ਭਾਉ ॥ (ਪੰਨਾਂ 51)

ਇਥੇ ਕੁਝ ਗੁਰਬਾਣੀ ਫੁਰਮਾਨ ਜਿਨਾਂ ਵਿਚ ਪਵਿਤ੍ਰ ਹਰਫ **ਭਗਤਾ, ਭਗਤ, ਭਗਤਿ, ਭਗਤੀ** ਆਦਿ ਮਿਲਦੇ ਹਨ:

ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥ (ਪੰਨਾਂ 2, 2-3)

ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅਸੰਖ ਸਤੀ ਅਸੰਖ ਦਾਤਾਰ ॥ (ਪੰਨਾਂ 4)

ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ (ਪੰਨਾਂ 6)

ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥ ਤਿਥੈ ਭਗਤ ਵਸਹਿ ਕੇ ਲੋਅ ॥
ਕਰਹਿ ਅਨੰਦੁ ਸਚਾ ਮਨਿ ਸੋਇ ॥ (ਪੰਨਾਂ 8)

ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ (ਪੰਨਾਂ 9)

ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ ॥ ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ॥ ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥ ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ ॥ ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥ (ਪੰਨਾਂ 11)

ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥
ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ (ਪੰਨਾਂ 27)

ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ ॥ ਹਰਿ ਨਾਮੁ ਸਲਾਹਨਿ ਸਦਾ ਸਦਾ ਵਖਰੁ ਹਰਿ ਨਾਮੁ ਅਧਾਰੁ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਹਰਿ ਭਗਤਾ ਅਤੁਟੁ ਭੰਡਾਰੁ ॥ (ਪੰਨਾਂ 28)

ਸਚੀ ਭਗਤੀ ਮਨੁ ਲਾਲੁ ਥੀਆ ਰਤਾ ਸਹਜਿ ਸੁਭਾਇ ॥ ਗੁਰ ਸਬਦੀ ਮਨੁ ਮੋਹਿਆ ਕਹਣਾ ਕਛੂ ਨ ਜਾਇ ॥ (ਪੰਨਾਂ 36)

ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥ (ਪੰਨਾਂ 39)

ਅੰਤਰਿ ਬਾਹਰਿ ਰਵਿ ਰਹਿਆ ਤਿਸ ਨੋ ਜਾਣੈ ਦੂਰਿ ॥ ਤ੍ਰਿਸਨਾ ਲਾਗੀ ਰਚਿ ਰਹਿਆ ਅੰਤਰਿ ਹਉਮੈ ਕੂਰਿ ॥
ਭਗਤੀ ਨਾਮ ਵਿਹੂਣਿਆ ਆਵਹਿ ਵੰਞਹਿ ਪੂਰ ॥੩॥ (ਪੰਨਾਂ 47)

ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ ॥ ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ ॥ (ਪੰਨਾਂ 57)

ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥

ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥ (ਪੰਨਾਂ 795)
ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥
ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥ (ਪੰਨਾਂ 795)

ਇਥੇ ਕੁਝ ਗੁਰਬਾਣੀ ਫੁਰਮਾਨ ਜਿਨਾਂ ਵਿਚ ਪਵਿਤ੍ਰ ਹਰਫ ਸੰਤ, ਸੰਤ ਟਹਲ, ਸੰਤਨ ਕੀ ਧੂਰੇ, ਸੰਤ ਸਭਾ, ਸੰਤਾ ਸੰਗਤਿ ਸੰਤ ਟਹਲ, ਸੰਤਨ ਕੀ ਰੇਣੁ, ਸੰਤ ਸਰਣੀ, ਸੰਤ ਆਦਿ ਮਿਲਦੇ ਹਨ:
ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥ ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥੧॥,
ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥
ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥(ਪੰਨਾਂ 13)
ਭਾਈ ਰੇ ਸੰਤ ਜਨਾ ਕੀ ਰੇਣੁ ॥ ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ ॥ (ਪੰਨਾਂ 18)
ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ ॥
ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ ॥ (ਪੰਨਾਂ 21)
ਭਾਈ ਰੇ ਇਕ ਮਨਿ ਨਾਮੁ ਧਿਆਇ ॥ ਸੰਤਾ ਸੰਗਤਿ ਮਿਲਿ ਰਹੈ ਜਪਿ ਰਾਮ ਨਾਮੁ ਸੁਖੁ ਪਾਇ ॥ (ਪੰਨਾਂ 31)
ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ ॥ ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ ॥ (ਪੰਨਾਂ 44)
ਸੰਤਾ ਸੰਗਤਿ ਮਨਿ ਵਸੈ ਪ੍ਰਭੁ ਪ੍ਰੀਤਮੁ ਬਖਸਿੰਦੁ ॥ ਜਿਨਿ ਸੇਵਿਆ ਪ੍ਰਭੁ ਆਪਣਾ ਸੋਈ ਰਾਜ ਨਰਿੰਦੁ ॥ (ਪੰਨਾਂ 49)
ਗਤਿ ਅਵਿਗਤਿ ਕਛੁ ਨਦਰਿ ਨ ਆਇਆ ॥ ਸੰਤਨ ਕੀ ਰੇਣੁ ਨਾਨਕ ਦਾਨੁ ਪਾਇਆ ॥ (ਪੰਨਾਂ 51)
ਜਪਿ ਮਨ ਨਾਮੁ ਏਕੁ ਅਪਾਰੁ ॥ ਪ੍ਰਾਨ ਮਨੁ ਤਨੁ ਜਿਨਹਿ ਦੀਆ
ਰਿਦੇ ਕਾ ਆਧਾਰੁ ॥੧॥ ਰਹਾਉ ॥ ਕਾਮਿ ਕ੍ਰੋਧਿ ਅਹੰਕਾਰਿ ਮਾਤੇ ਵਿਆਪਿਆ ਸੰਸਾਰੁ ॥
ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰੁ ॥ (ਪੰਨਾਂ 51)
ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥ ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥ ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥ ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥ ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥ ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥ (ਪੰਨਾਂ 79)

ਇਨਾਂ ਗੁਰਬਾਣੀ ਫੁਰਮਾਨਾਂ ਵਾਂਗ ਹੀ ਅੰਤ ਤੱਕ ਸ਼ਬਦ ਗੁਰੂ ਵਿਚ ਕਿਤੇ ਵੀ ਇਨਾਂ ਹਰਫਾਂ ਦੀ ਗਵਾਹੀ ਨਹੀਂ ਮਿਲਦੀ ਕਿ **ਸਿਖ ਧਰਮ ਵਿਚ ਕੋਈ ਸੰਤ ਨਹੀਂ ਹੈ, ਸੰਤ ਤਾਂ ਹਿੰਦੂ ਧਰਮ ਵਿਚ ਹੁੰਦੇ ਹਨ।** ਸਗੋਂ ਗੁਰਬਾਣੀ ਗੁਰੂ ਤਾਂ ਸਾਨੂੰ ਇਹ ਗਿਆਨ ਦੇਂਦੇ ਨੇ ਕਿ ਜਿਨਾਂ ਗੁਰੂ ਵਲੋਂ ਦਿੱਤੀ ਸਿਖਿਆ ਨੂੰ ਇਕਾਗਰ ਹੋ ਸੁਣ, ਮਨ ਚਿਤ ਯਾਦ ਰੱਖ, ਉਸ ਸਿਖਿਆ ਨੂੰ ਪੂਰਨ ਰੂਪ ਅਮਲੀ ਜੀਵਨ ਵਿਚ ਕਰ ਲਿਆ, ਇਸ ਦਾ ਸਿਟਾ, ਰਜਾਲਟ ਰੇਐਕਸ਼ਨ, ਗੁਰੂ ਦੇ ਗਿਆਨ ਨੂੰ ਪ੍ਰਾਪਤ ਕਰ ਗਏ। ਸਤਿਗੁਰ ਦੇ ਹੀ ਹੱਥ ਨਾਮ ਦਾਨ ਦੀ ਸਿਖਰ ਦਾਤ ਬਖਸ਼ਿਸ, ਪ੍ਰਪਤ ਕਰ ਗਏ। ਆਪਣੇ ਸਿਰਜਣਹਾਰ ਨਾਲ ਜੁੜ ਗਏ। ਸਿਰਜਣਹਾਰ ਦੇ ਅਗਲੇ ਹੁਕਮ ਲਈ ਆਦਿ ਤੋਂ ਅੰਤ ਤੱਕ ਸਿਖਿਆ ਬਣੇ ਸ਼ਬਦ ਗੁਰੂ ਸਤਿਗੁਰੂ ਗੁਰਮੁਖ-ਨਾਮ ਨਾਲ, ਇਥੇ ਉਥੇ ਹਰ ਥਾਂ ਹੋ ਗਏ।
ਇਸੁ ਮਨ ਕਉ ਨਹੀ ਆਵਨ ਜਾਨਾ ॥ ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥ (ਪੰਨਾਂ 330)
ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥ (ਪੰਨਾਂ 1370)

ਜੋ ਪ੍ਰਥਮ ਸੰਸਾਰ ਤੋਂ ਹੀ ਗੁਰੂ ਦਆਰਾ, ਸੁੰਨ ਸਮਾਧ **ਮੰਨੇ** ਕਰਤਾ ਪੁਰਖ ਨੂੰ ਆਪਣਾਂ ਸਿਰਜਣਹਾਰ ਮਨ, **ਮੰਨੇ** ਦੇ ਅਗਲੇ ਹੁਕਮਾਂ ਲਈ, **ਮੰਨੇ** ਦੇ ਚਰਨ ਕਮਲੀ, ਮਨ ਦੀ ਧੂੜ ਹੋ ਗਏ। ਜਦ **ਮੰਨੇ** ਸੁੰਨ ਸਮਾਧ ਰਜਾ ਕੀਤੀ, ਮਨ ਲਈ ਭੌਤਕ ਸਰੀਰ ਅਤੇ ਇਸ ਲਈ ਇਸ ਸਰਿਸ਼ਟੀ ਦੀ ਸਿਰਜਣਾਂ ਦੀ, ਸੁੰਨ ਸਮਾਧ **ਮੰਨੇ** ਸਰਬ ਸ਼ਕਤੀਮਾਨ ਜੀ ਚਰਨ ਕਮਲ ਤੱਕ ਕਿਰਿਆਤਮਕ ਹੋਏ, ਮਨ ਸੰਤਨ ਕੀ ਧੂੜ ਅਤੇ ਕਰਤੇ ਦੇ ਸੱਚੇ ਨਾਮ ਰਸਾਇਣ ਸ਼ਬਦ ਗੁਰਮੁਖ ਨਾਲ ਮੇਲ ਤੋਂ ਆਵਾਜ ਧਮਾਕਾ, ਰੋਸ਼ਨੀ, ਨੂਰ ਅਤੇ

ਇਸ ਨੂਰ ਤੋਂ ਪਦਾਰਥ ਅਤੇ ਪਦਾਰਥ ਵਿਚ ਜੀਵਨ ਦੀ ਸ਼ੁਰੂਆਤ ਹੋਈ। ਇਹ ਦਿਸ ਅਦਿਸ ਪਦਾਰਥ ਸਰਿਸ਼ਟੀ ਅਤੇ ਇਸ ਵਿਚ ਇਹ ਜੀਵਨ ਸੱਚ ਹੋਂਦ ਵਿਚ ਆਏ ਅਤੇ ਜਿਨਾਂ ਨੇ ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ਸਮੇਂ ਮੁੜ ਸੰਤਨ ਕੀ ਧੂੜ ਅਤੇ ਕਰਤੇ ਦੇ ਨਾਮ ਵਿਚ ਲੀਨ ਹੋ ਜਾਣਾਂ ਹੈ। ਪਰ ਉਦੋਂ, ਜਦ ਸਤਿਗੁਰੂ ਪਿਤਾ ਵਲੋਂ ਕਰਤੇ ਦੇ ਸਾਡੇ ਲਈ ਇਸ ਸਰਿਸ਼ਟੀ ਨੂੰ ਸਿਰਜਣ ਦੇ ਮੰਤਵ ਨੂੰ ਪੂਰਾ ਕੀਤਾ ਜਾ ਚੁੱਕਿਆ ਹੋਣਾਂ ਹੈ।

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥ ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥ ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥ ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥ ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥ (ਪੰਨਾਂ 2)

ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ ॥ ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ ॥ (ਪੰਨਾਂ 1401)

ਇਸ ਸਰਿਸ਼ਟੀ ਦੇ ਲੀਨ ਤਾਹਿ ਮੈ ਮਾਨੁ, ਮਹਾ ਨਿਰਬਾਨ ਮਗਰੋਂ ਜੋ ਰਹਿ ਜਾਣਾਂ ਹੈ ਪ੍ਰਥਮ ਸੰਸਾਰ ਤੋਂ ਇਸ ਮਹਾਂ ਨਿਰਬਾਨ ਤੱਕ, ਸਤਿਗੁਰੂ ਬਖਸ਼ਿਸ ਕਰਤੇ ਦੇ ਸਰਜੀ ਨਾਮ ਦੁਆਰਾ ਸਿਖ, ਸਾਧੂ ਸੰਤ, ਸੂਰੇ, ਭਗਤ, ਖਾਲਸੇ, ਖੁਦ ਸਰਜੀ ਨਾਮ ਸਰੂਪ ਗੁਰਮੁਖ ਹੋ ਗਏ ਅਤੇ ਜਿੰਨਾਂ ਅੱਜ ਦੇ ਹੋਰ ਗੁਰਸਿਖਾਂ ਨੂੰ ਸਤਿਗੁਰੂ ਨੇ ਨਿਰਸਵਾਰਥ ਗੁਰ ਕੀ ਸੇਵਾ ਬਦਲੇ, ਮਹਾਂ ਨਿਰਵਾਨ ਤੱਕ ਆਪਣੇ ਨਾਲ ਕਰ ਲਿਆ ਹੈ ਅਤੇ ਸੱਚ ਸਤਿਗੁਰੂ ਗੁਰਮੁਖ ਨਾਮ ਹੋ ਗਏ ਨੇ ਅਤੇ ਮਹਾਂ ਨਿਰਬਾਣ ਤੱਕ ਹੋਈ ਜਾਣੇਂ ਨੇ। ਜਿਸ ਦਾ ਸੱਚ ਨਾਮ ਹੈ, ਉਹ ਸਿਰਜਣਹਾਰ ਰਜਾ, ਸੁੰਨ ਸਮਾਧ ਜਾਂ ਕਿਰਿਆਸ਼ੀਲ ਸਰਬ ਸ਼ਕਤੀਮਾਨ ਅਕਾਲ ਪੁਰਖ ਨੇ ਹੀ ਰਹਿ ਜਾਣਾਂ ਹੈ। ਅਕਾਲ ਪੁਰਖ ਅਤੇ ਉਸ ਦੇ ਸਰਜੀ ਨਾਮ ਕਦੋਂ ਤੋਂ ਕੋਈ ਨਹੀਂ ਹੋ ਸਕਦਾ ਇਹ ਅਤੇ ਇਸ ਅਪਾਰ ਅਸੀਮ ਦਾ ਅੰਤ ਜਾਨਣ ਵਾਲਾ, ਦੱਸਣ ਵਾਲਾ।

ਮੈ ਨ ਮਰਉ ਮਰਿਬੋ ਸੰਸਾਰਾ ॥ ਅਬ ਮੋਹਿ ਮਿਲਿਓ ਹੈ ਜੀਆਵਨਹਾਰਾ ॥ (ਪੰਨਾਂ 325)

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ (ਪੰਨਾਂ 1)

ਇਸ ਨਾਲ ਹੀ ਕਰਤੇ ਦੀ ਪਦਾਰਥਹੀਣ ਅਦਿਸ ਸਰਿਸ਼ਟੀ ਦਾ ਵੀ ਨਿਰਵਾਣ ਹੈ ਜਾਂ ਨਹੀਂ, ਸਿਰਜਣਹਾਰ ਪ੍ਰੀਤਮ ਪਿਆਰਾ ਜਾਂ ਉਸ ਦਾ ਪਿਆਰਾ ਸਰਜੀ ਗੁਰਮੁਖ ਸੱਚ ਨਾਮ ਰਸਾਇਣ, ਜੋ ਸਿਰਜਣਹਾਰ ਪ੍ਰੀਤਮ ਪਿਆਰੇ ਦੀ ਰਜਾ ਨੂੰ ਸੱਚ ਸਾਕਾਰ ਕਰਦਾ ਹੈ, ਹੀ ਜਾਣਦਾ ਹੋ ਸਕਦਾ ਹੈ।

ਗੁਰੂ ਰੂਪ ਖਾਲਸਾ ਜੀ, ਸੰਗਤ ਜੀ ਇਥੇ ਪਹੁੰਚਿਆਂ ਆਪਾਂ ਗੁਰਬਾਣੀ ਵਿਚ ਅਤੇ ਦਸ਼ਮੇਸ਼ ਪਿਤਾ ਵਲੋਂ, ਭੋਤਕ ਸਰੀਰ ਵਿਚ ਸੂਫੀ ਸੰਤ, ਸਿਖ ਤੋਂ ਅੱਗੇ ਹੋਏ ਸੰਤ, ਸਾਧ, ਸਾਧੂ, ਭਗਤ, ਖਾਲਸੇ ਅਤੇ ਭੌਤਕ ਸਰੀਰ ਬਿਨਾਂ ਗੁਰਮੁਖ ਨਾਮ ਸਰੂਪ ਸੰਤ, ਸਾਧੂ, ਭਗਤ, ਖਾਲਸੇ ਨੂੰ ਹੋ ਸਕਦੇ ਸਿਖਰ ਸਤਿਕਾਰ ਨਾਲ ਨਿਵਾਜਣ ਦੇ ਸੱਚ ਕਾਰਣ ਨੂੰ ਜਾਣ ਜਾਂਦੇ ਹਾਂ। ਸਤਿਗੁਰੂ ਪਿਤਾ ਵਲੋਂ ਦਿਤੀ ਸਿਖਿਆ ਮਨ ਚਿਤ ਇਕਾਗਰ ਕਰ ਸੁਣ, ਉਸ ਉਤੇ ਅਮਲ ਕਰ, ਇਮਤਿਹਾਨ ਵਿਚੋਂ ਪਾਸ ਹੋਣ ਵਾਲਾ, ਸਤਿਗੁਰ ਦੇ ਸਕੂਲ ਵਿਚ, ਸਤਿਗੁਰ ਦਾ ਸਿਖ ਵਦਿਆਰਥੀ ਹੀ ਕੋਈ ਜੇ ਨਹੀਂ ਹੋਵੇਗਾ ਜਿਸ ਤੋਂ ਬਿਨਾਂ ਅੱਗੇ ਸਤਿਗੁਰੂ ਬਖਸ਼ਿਸ਼ ਕਿਸੇ ਗੁਰਮੁਖ ਨਾਮ ਸਰੂਪ ਸੰਤ, ਸਾਧੂ, ਭਗਤ, ਖਾਲਸੇ ਹੋ ਸਕਣਾਂ ਹੈ ਤਾਂ ਸਤਿਗੁਰੂ ਪਿਤਾ ਜੀ ਕੀ ਕਰੇਗਾ?

ਸੋ ਮੁਖ ਦੁਆਰ ਤੋਂ ਅੱਗੋਂ ਦੂਜੇ ਦਰਵਾਜੇ ਹੀ ਅੰਤ ਸ਼ਬਦ ਗੁਰੂ ਸਤਿਗੁਰੂ ਗੁਰਮੁਖ ਨਾਲ ਜਾਣ ਦੀ ਹੀ ਗੁਰੂ ਕਰਤਾਪੁਰਖ ਅੱਗੇ ਅਰਦਾਸ ਜੋਦੜੀ ਕਰਕੇ, ਤ੍ਰਿਕੁਟੀ ਤਿਆਗ ਤੁਰਿਆ ਇਹ ਚੌਥਾ ਪਦ ਗੁਰੂ ਦੇ ਲਾਲੋਕਿਆਂ ਚੋਂ, ਗੁਰੂ ਸਤਿਗੁਰੂ ਕਰਤਾ ਪੁਰਖ ਦਾ, ਗੁਰੂ ਰੂਪ ਖਾਲਸਾ ਪੰਥ ਦਾ ਨਿਮਾਣਾਂ, ਨਿਤਾਨਾਂ ਗੁਰਸਿਖ ਕਾਫਲਾ ਹੈ। ਜਿਸ ਨੂੰ ਗੁਰੂ ਗਿਆਨ ਅਤੇ ਉਸ ਅਨੁਸਾਰ ਸ਼ੁਧ ਨਿਰਮਲ ਕਰਨੀ ਕਰਮ ਦੀ ਸ਼ੁਰੂਆਤ ਦੁਆਰਾ, ਗੁਰੂ ਆਪਣੀ ਬਖਸ਼ਿਸ਼ ਵੱਡਾ ਕੀਤਾ ਹੈ। ਜੋ ਅੱਜ ਆਪਜੀ ਗੁਰਸਿਖ ਖਾਲਸਾ ਪੰਥ ਅੱਗੇ ਅਤੇ ਗੁਰੂ ਰੂਪ ਸੰਗਤ ਅੱਗੇ ਇਸ ਹੋਕਾ ਹਰਫਾਂ ਦੁਆਰਾ ਆਪਜੀ ਨੂੰ, ਆਪਣੇ ਪੰਥ ਦੇ ਇਸ ਗੁਰਸਿਖ ਕਾਫਲੇ ਨਾਲ ਮਿਲਕੇ, ਅਪਣੇ ਪੰਥ ਦੀ ਸਿਖ ਸਰੂਪ ਵਿਚ ਬਿਪਰਣ ਜੁਰਾਇਮ ਪੇਸ਼ਾ ਔਲਾਦ ਲਾਣੇ ਅਤੇ ਇਸ ਦੇ ਪਦਾਇਸ਼, ਜਮ ਪੰਥ ਮਾਰਗ ਤੋਰਦੇ ਬਿਪਰਣ ਅਤੇ ਇਸ ਦੇ ਤਖਤ ਤੋਂ ਆਜਾਦੀ ਦੇ ਸੰਘਰਸ਼ ਦੀ ਅਗਵਾਈ ਜ਼ਿਮੇਵਾਰੀ ਗੁਰੂ ਦੀ ਧਰਤ ਸੰਭਾਲਨ ਲਈ ਨਿਤਰਨ ਦੀ ਇਹ ਅਪੀਲ ਬੇਨਤੀ ਲੈਕੇ ਅਇਆ ਹੈ।

੧ ਵੈਸਾਖ ਸੰਮਤ ੫੪੨, 14 ਅਪ੍ਰੈਲ 2010 ਤੱਕ ਫੈਸਲਾ ਕਰੋ ਜੀ ਅਤੇ ਜੂਨ ਚੌਰਾਸੀ ਦੇ ਸ਼ਹੀਦਾਂ ਦੀ ਆ ਰਹੀ ਵਰਸੀ ਸਮੇਂ ਪਿਛਲੀਆਂ ਸਭ ਭੁੱਲਾਂ ਚੁੱਕਾਂ ਦੀ ਖਿਮਾਂ ਦੀ, ਸਿਖ ਸਰੂਪ ਵਿਚ ਬਿਪਰਣ ਲਾਣੇ ਅਤੇ ਇਸ ਦੇ ਪਦਾਇਸ਼, ਜਮ ਪੰਥ ਮਾਰਗ ਤੋਰਦੇ

ਬਿਪਰਣ ਅਤੇ ਇਸ ਦੇ ਤਖਤ ਤੋਂ ਆਜਾਦੀ ਦੇ ਸੰਘਰਸ਼ ਨੂੰ ਸੰਭਾਲਣ ਦੀ ਗੁਰੂ ਅੱਗੇ ਪ੍ਰਤਿੱਗਿਆ ਦੀ ਅਤੇ ਇਸ ਸਿਦਕ ਪੂਰਤੀ ਲਈ ਗੁਰੂ ਅੱਗੇ ਉਸ ਦੇ ਤੇਜ ਪ੍ਰਤਾਪ ਦੀ ਬਖਸ਼ਿਸ ਅਰਦਾਸ ਲਈ, ਗੁਰੂ ਮੁੜ ਜੀਵਾਏ ਹੋਵੇ ਜੀ।
ਯਾਦ ਰਹੇ ਕਿ ਸੰਸਾਰ ਵਗਿਆਨੀਆਂ ਵਲੋਂ ਗ਼ੇਨਫ ਵਿਖੇ ਤਕਰੀਬਨ ਦੋ ਹਜਾਰ ਮਿਲੀਅਨ ਏਰੋ ਦੀ ਲਾਗਤ ਨਾਲ ਧਰਤੀ ਵਿਚ 60 ਮੀਟਰ ਥੱਲੇ ਇਕ ਉਸਾਰੇ ਤਜਰਬਾਘਰ ਵਿਚ ਸਰਿਸ਼ਟੀ ਦੀ ਸਿਰਜਨਾਂ ਲਈ ਹੋਏ ਪਹਿਲੇ ਧਮਾਕੇ ਨੂੰ ਛੋਟੇ ਪੱਧਰ ਤੇ ਤਜਰਬਾ ਕਰਕੇ, ਧੂੜ (ਸੰਤਨ ਕੀ ਧੂੜ) ਦੇ ਨਾਨੋ ਨਾਨ, ਸੂਖਮ ਤੋਂ ਸੂਖਮ ਤੱਤਾਂ ਦੀ ਸ਼ਨਾਖਤ ਕਰ ਸਕਣੀਂ ਲੋਚਦੇ ਹਨ, ਜਿਸ ਤੋਂ ਪਦਾਰਥ ਹੋਂਦ ਵਿਚ ਆਇਆ ਅਤੇ ਵਧਦਾ ਹੀ ਗਿਆ।
ਸੋ ਗੁਰੂ ਰੂਪ ਪਿਆਰੀ ਸੰਗਤ ਜੀ **ਸੰਤ ਟਹਲ, ਸੰਤਨ ਕੀ ਧੂਰੇ, ਸੰਤ ਸਭਾ, ਸੰਤਾ ਸੰਗਤਿ ਸੰਤ ਟਹਲ, ਸੰਤਨ ਕੀ ਰੇਣੁ, ਸੰਤ ਸਰਣੀ, ਸਾਧਸੰਗਤਿ, ਸੇਵਾ ਸਾਧ, ਮਿਲਿ ਸਾਧੂ, ਸੰਗਤਿ ਸਾਧ, ਸਾਧਸੰਗਤੀ, ਸਾਧਸੰਗਿ** ਦੇ ਅਰਥ, ਸਿਖ ਧਰਮ ਨਾਲ ਸਬੰਧਤ ਕਿਸੇ ਭੋਤਕ ਸਰੀਰ ਇਨਸਾਨ ਉਹ ਅੰਮ੍ਰਿਤਧਾਰੀ ਹੈ ਜਾਂ ਨਾਹੀ, ਜੋ ਆਪਣੇ ਨਾਮ ਨਾਲ ਸੰਤ, ਸਾਧ, ਨਾਮ ਲਾਈ ਫਿਰਦਾ ਹੈ, ਗੁਰਸਿਖਾਂ ਨੇ ਉਸ ਦੀ ਸੰਗਤ ਕਰਨੀ ਹੈ, ਹਰਗਿਜ ਨਹੀ ਬਣਦੇ। ਜੇ ਕੋਈ ਇਹ ਅਰਥ ਭੌਤਕ ਸਰੀਰ ਵਿਚ ਕਿਸੇ ਸੰਤ ਸਾਧ ਦੀ ਸੰਗਤ ਦਸਦਾ ਹੈ ਤਾਂ ਮਤਲਬ ਹੈ ਕਿ ਹਰ ਸਿਖ ਪ੍ਰਵਾਰ ਇਕ ਸੰਤ ਸਾਧ ਨੂੰ ਸੰਗਤ ਕਰਨ ਲਈ ਹਮੇਸ਼ਾਂ ਆਪਣੇ ਘਰ ਰੱਖਕੇ ਉਸ ਦੀ ਸੰਗਤ ਵਿਚ ਬੈਠਾ ਰਹੇ। ਇਹ ਸੰਤ, ਸਾਧ, ਗੁਰਮਤਿ ਅਨੁਸਾਰ ਹੋਏਗਾ ਤਾਂ ਉਸ ਦੇ ਨਾਲ ਉਸ ਦੀ ਸੁਆਣੀ ਸੰਤਨੀ ਵੀ ਹੋਏਗੀ। ਉਨਾਂ ਦੀ ਸੰਤਾਨ ਜੇ ਹੈ ਤਾਂ ਉਹ ਵੀ ਨਾਲ ਹੋਏਗੀ। ਕੋਈ ਸੰਤ ਸਾਧ ਇਹ ਕਹਿਕੇ ਕਿ ਜੀ ਉਨਾਂ ਤੇ ਸਾਰੀ ਹੀ ਜਿੰਦਗੀ ਦਾ ਸਾਰਾ ਹੀ ਸਮਾਂ ਸੇਵਾ ਵਿਚ ਲਾਉਣ ਲਈ ਜਾਂ ਮਤਾਂ ਪਰਖ ਵੇਲੇ ਸੁਆਣੀ ਸੰਤਣੀਂ ਜਾਂ ਬੱਚਿਆਂ ਦਾ ਮੋਹ ਨਾ ਡੁਲਾ ਜਾਵੇ, ਬਿਨਾਂ ਗ੍ਰਹਿਸਤ ਜੀਵਨ ਤੋਂ ਸੰਤ ਸਾਧ ਵੀ ਕਿਸੇ ਸਿਖ ਪ੍ਰਵਾਰ ਨੂੰ ਸੰਗਤ ਕਰਨ ਲਈ ਅਲਾਟ ਹੋ ਸਕਦਾ ਹੈ। ਜਦ ਕਿ ਸਾਡੇ ਗੁਰੂ ਗ੍ਰਹਿਸਤੀ ਦੀ ਮਿਸਾਲ ਸਾਡੇ ਸਾਹਮਣੇ ਹੈ। ਜਿਸ ਨੂੰ ਆਪਣੇ ਪ੍ਰਵਾਰ ਦਾ ਮੋਹ ਕਿਸੇ ਮੋੜ ਤੇ ਵੀ ਨਾ ਡੋਲ ਸਕਿਆ। ਸਗੋਂ ਕਰਤੇ ਦੇ ਹੁਕਮ ਤੇ ਸਾਰਾ ਪਰਵਾਰ ਅਤੇ ਆਪਾ ਖਾਲਸਾ ਪੰਥ ਤੋਂ ਵਾਰ ਦਿੱਤਾ। ਸਿਖ ਧਰਮ ਨੂੰ ਅਪਣਾਉਣ ਵਾਲਿਆਂ ਵਿਚੋਂ ਅੱਧੇ ਭੌਤਕ ਸਰੀਰ ਗ੍ਰਹਿਸਤੀ ਅਤੇ ਨਾ ਗਰਿਸਤੀ ਸੰਤ ਸਾਧ ਜਰੂਰੀ ਹਨ। ਜਿਨਾਂ ਦੀ ਬਾਕੀ ਅੱਧ ਸਿਖ ਪ੍ਰਵਾਰਾਂ ਨੇ ਸੰਗਤ ਕਰਨੀ ਹੈ ਅਤੇ ਇਹ ਸੰਗਤ ਇਕ ਪਲ ਇਕ ਛਿਣ ਵੀ ਛੱਡਣੀਂ ਨਹੀਂ ਕਰਨੀ ਹੈ। ਇਹ ਸੰਗਤ ਇਕ ਪਲ ਇਕ ਛਿਣ ਵੀ ਛੁੱਟ ਗਈ ਤਾਂ ਸੰਤ ਦੀ, ਸਾਧ ਦੀ ਸੰਗਤ ਵਿਚ ਆਈ ਤਰੁੱਟੀ ਕਰਕੇ ਗੁਰੂ ਦੇ ਹੁਕਮ ਦੀ ਅਵੱਗਿਆ ਹੋ ਰਹੀ ਹੋਵੇਗੀ।

**ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥**
**ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ ॥** (ਪੰਨਾ 783)

ਸੋ ਸੰਗਤ ਜੀ ਅਪਣੇ ਪੂਰਣ ਸ਼ਬਦ ਗੁਰੂ ਜੀ ਸਾਨੂੰ ਇਹ ਅਸੰਭਵ ਅਪੂਰਣ, ਕਿਸੇ ਭੌਤਕ ਸਰੀਰ ਵਿਚ ਸਿਖ, ਜਿਸ ਆਪਣੇ ਨਾਮ ਨਾਲ ਜੂਨ ਚੌਰਾਸੀ ਤੋਂ ਮਗਰੋਂ ਪਵਿਤ੍ਰ ਸੰਤ ਜੋੜਿਆ ਹੋਇਆ ਹੈ, ਦੀ ਸੰਗਤ ਕਰਨ ਦੀ ਗੁਰਸਿਖਾਂ ਨੂੰ ਹਦਾਇਤ ਨਹੀਂ ਕਰਦੇ ਅਤੇ ਨਾ ਹੀ ਇਹ ਪਵਿਤ੍ਰ ਹਰਫ, ਸੰਤ, ਸਾਧ, ਭਗਤ ਕਿਸੇ ਭੌਤਕ ਸਰੀਰ ਵਾਲੇ ਲਈ ਆਏ ਹੀ ਹਨ। ਇਹ ਸੰਤ, ਸਾਧ, ਸਾਧੂ ਭਗਤ ਕਰਤੇ ਹਰਿ ਅਕਾਲ ਪੁਰਖ ਦੇ ਪਵਿਤ੍ਰ ਸੱਚੇ ਸਰਜੀ ਨਾਮ ਰਸਾਇਣ ਲਈ ਆਏ ਨੇ। ਜਿਸ ਨੇ ਸਿਰਜਣਹਾਰ ਦੀ ਰਜਾ, ਅਸਾਂ ਉਤਮ ਜਾਤ ਇਨਸਾਨ, ਜੀਵ, ਜੰਤੂ ਅਤੇ ਇਸ ਲਈ ਇਹ ਸਰਿਸ਼ਟੀ, ਸੰਤਨ ਕੀ ਧੂੜ ਦੁਆਰਾ ਸੱਚ ਸਾਕਾਰ ਕੀਤੀ। ਜਿਸ ਹਰਿ ਦੇ ਨਾਮ ਨੂੰ ਹਰ, ਸਭ ਸੁਭਾਵਕ ਗਾ ਰਿਹਾ ਹੈ। ਪਰ ਅਚੇਤ, ਨਾਵਾਕਫ, ਅਣਜਾਣ। ਜਦ ਕਿ ਸ਼ਬਦ ਗੁਰੂ ਇਨਸਾਨ ਨੂੰ ਉਸ ਸੰਤ ਸਾਧ ਭਗਤ, ਕਰਤੇ ਦੇ ਪਵਿਤ੍ਰ ਨਾਮ ਦੀ ਸੰਗਤ, ਯਾਦ ਦਿਲਾਉਂਦੇ ਨੇ ਜੋ ਇਸ ਦੇ ਘਰ ਮੰਦਰ ਸਰੀਰ ਵਿਚ ਹੀ ਮੰਨ ਦੀ ਸੰਗਤ ਲਈ ਮਾਜੂਦ ਹੈ ਅਤੇ ਘਰ ਮੰਦਰ ਸਰੀਰ ਵਿਚ ਹੀ ਮਜੂਦ ਸਿਰਜਣਹਾਰ ਨੂੰ ਸਹਿਜ ਸੁਭਾਆ ਇਸ ਪਵਿਤ੍ਰ ਨਾਮ ਦੁਆਰਾ ਗਾ ਰਿਹਾ ਹੈ। ਜਿਸ ਨੇ ਗੁਰੂ ਦੇ ਸਮੂਹ ਹਕੁਮਾਂ ਦੀ ਅਮਲਾਂ ਨਾਲ ਪੂਰਤੀ ਨਾਲ ਅਪਣੇ ਆਪ ਨੂੰ ਭਾਵ, ਮੈਂ ਨੂੰ ਖਤਮ ਕਰ ਲਿਆ। ਉਸ ਨੇ ਮਨ ਨੂੰ ਆਪਣੇ ਸਿਰਜਣਹਾਰ ਦੇ ਹੁਕਮ ਅਧੀਨ ਕਰ ਲਿਆ। ਫਿਰ ਵੀ ਜੇ ਕਰਤੇ ਪੂਰਬਲਾ ਭਾਗੀਂ ਕੀਤਾ ਹੋਇਆ ਤਾਂ ਸਤਿਗੁਰੂ ਹੱਥ ਸਿਖਰ ਅਨਮੋਲ ਅਧਿਅਤਿਮਕ ਦਾਤ, ਘਰ ਮੰਦਰ ਸਰੀਰ ਵਿਚ ਹੀ ਨਿਵਾਸੀ ਨਾਮ ਮਿਲ ਗਿਆ, ਬਖਸ਼ਿਸ਼ ਹੋ ਗਿਆ ਹੈ। ਜੋ ਘਰ ਮੰਦਰ ਸਰੀਰ ਵਿਚ ਹੀ ਨਿਵਾਸੀ ਸਿਰਜਜਣਹਾਰ ਅਕਾਲ ਪੁਰਖ ਨੂੰ ਸਾਸ ਗਿਰਾਸ ਸਹਿਜ ਸੁਭਾਅ ਗਾ ਰਿਹਾ ਹੈ। ਗੁਰੂ ਸਤਿਗੁਰੂ ਨੇ ਸ਼ਬਦ ਨਾਮ ਦੁਆਰਾ ਘਰ ਮੰਦਰ ਸਰੀਰ ਵਿਚ ਹੋ ਰਹੀ ਸਹਿਜ ਸੁਭਾ ਕਰਤੇ ਨੂੰ ਗਾਉਣ ਦੀ ਚੱਲ ਰਹੀ ਕਿਰਿਆ ਦੀ ਬਖਸ਼ਿਸ ਸਾਰ ਦੁਆਰਾ ਆਪਣੇ ਸਿਖ ਨੂੰ, ਉਸਦੇ, ਆਪਣੇ, ਸੱਭ ਦੇ, ਹਰ ਦੇ ਸਿਰਜਣਹਾਰ ਨਾਲ ਮਿਲਾ ਦਿੱਤਾ ਹੈ। ਇਸ ਸਹਿਜ ਸੁਭਾਅ ਅਚੇਤ ਸਰੀਰ ਵਿਚ ਹੋ ਰਹੀ ਕਰਤੇ ਨੂੰ ਉਸ ਦੇ ਨਾਮ ਦੁਆਰਾ ਗਾਉਣ ਦੀ ਪਵਿਤ੍ਰ ਕਿਰਿਆ ਦੇ ਗਿਆਨ ਅਤੇ ਨਾਮ ਦੁਆਰਾ ਗੁਰੂ ਨੇ ਅਪਣੇ ਸਿਖ ਨੂੰ ਗੁਰੂ ਭਾਏ ਕਰਤੇ ਦੇ ਨਾਮ ਜਪਣ ਵਿਚ, ਭਗਤੀ ਵਿਚ ਜੋੜ ਦਿੱਤਾ ਹੈ। ਇਹ ਹੈ ਉਹ

ਅਧਿਆਤਮਕ ਉਚ ਅਵਸਥਾ, ਜਿਸ ਨੂੰ ਗੁਰਬਾਣੀ ਜੀਵਤ ਮਰੇ ਬਿਆਨਦੀ ਹੈ, ਜਦੋਂ ਇਨਸਾਨ ਗੁਰਸਿਖ ਜਨਮ ਤੋਂ ਮਿਲੇ ਬਿਪਰਨ ਪਾਪੀ ਗੇਨ ਭੰਡਾਰ ਦਆਰਾ ਸਿਰ ਹੋ ਚੁੱਕੇ ਪਿਛਲੇ ਹਿਸਾਬ ਕਿਤਾਬ ਨੂੰ ਖਤਮ ਕਰਕੇ, ਕੇਵਲ ਭਜ ਨਾਮ ਦੁਆਰਾ, ਪਰ ਜੇ ਉਦ ਤੱਕ ਸਭ ਵੈਰਣ ਦਾ ਸੰਘਾਰ ਹੋ ਚੁੱਕਾ ਹੈ ਤਾਂ ਪੁਨੀਤ ਪਵਿਤ੍ਰ ਖਾਲਸਾ, ਸੰਤ, ਸਾਧੂ ਭਗਤ ਹੋਣ, ਘਰ ਮੰਦਰ ਵਿਚ ਹੀ ਤੁਰ ਪਿਆ ਹੈ।

ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ ॥

ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ ॥ (ਪੰਨਾਂ 33)

ਸਤਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ ਵਿਕਾਰ ॥ ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰ ॥ (ਪੰਨਾਂ 34)

ਸੋ ਭਗਉਤੀ ਜੁੋ ਭਗਵੰਤੈ ਜਾਣੈ ॥ ਗੁਰ ਪਰਸਾਦੀ ਆਪੁ ਪਛਾਣੈ ॥ ਧਾਵਤੁ ਰਾਖੈ ਇਕਤੁ ਘਰਿ ਆਣੈ ॥

ਜੀਵਤੁ ਮਰੈ ਹਰਿ ਨਾਮੁ ਵਖਾਣੈ ॥ ਐਸਾ ਭਗਉਤੀ ਉਤਮੁ ਹੋਇ ॥ ਨਾਨਕ ਸਚਿ ਸਮਾਵੈ ਸੋਇ ॥ (ਪੰਨਾਂ 88)

ਸਤਿਗੁਰੁ ਸੇਵੇ ਤਾ ਮਲੁ ਜਾਏ ॥ ਜੀਵਤੁ ਮਰੈ ਹਰਿ ਸਿਉ ਚਿਤੁ ਲਾਏ ॥

ਹਰਿ ਨਿਰਮਲੁ ਸਚੁ ਮੈਲੁ ਨ ਲਾਗੈ ਸਚਿ ਲਾਗੈ ਮੈਲੁ ਗਵਾਵਣਿਆ ॥ (ਪੰਨਾਂ 116)

ਇਹ ਹੈ ਗੁਰੂ ਬਖਸ਼ਿਸ ਗੁਰਸਿਖ ਦੀ ਭਵਜਲ ਪਾਰ ਉਤਾਰੀ। ਇਹ ਹੈ ਬਿਪਰਨ ਵਲੋਂ ਬਿਪਰਨ ਰੀਤਾਂ ਦੁਆਰਾ ਇਨਸਾਨ ਨੂੰ ਸਿਰਜਣਹਾਰ ਤੋਂ ਦੂਰ ਹੀ ਦੂਰ ਕਰਦੀਆਂ ਕਰੂਰ ਕਰਮ ਕਰਤੂਤ ਦੁਆਰਾ ਆਪਣੇ ਪਿਛੇ ਜਮ ਜੂਨਾਂ ਦੇ ਮਾਰਗ ਤੋਰਕੇ ਕੇ ਪਾਈਓ ਜੰਮਣ ਮਰਨ ਦੀ ਗਲ ਫਾਂਸੀ ਨੂੰ ਗੁਰੂ ਨੇ ਗੁਰਸਿਖ ਦੇ ਗਲੋਂ ਕੱਟ ਦੇਣਾਂ।

ਗੁਰੂ ਬਖਸ਼ਿਸ਼ ਇਹ ਜੀਵਤ ਮਰੇ ਸਿਖਰ ਅਧਿਆਤਮ ਅਵਸਥਾ ਹੀ ਗੁਰਸਿਖ ਦਾ ਨਿਜ ਘਰਿ ਵਾਸੁ ਹੈ, ਗੁਰਸਿਖ ਨੂੰ ਗੁਰੂ ਵਲੋਂ ਪ੍ਰਾਪਤ ਅਮਰ ਪਦੁ ਹੈ:

ਮੂਲੁ ਪਛਾਣਨਿ ਤਿਨ ਨਿਜ ਘਰਿ ਵਾਸਾ ਸਹਜੇ ਹੀ ਸੁਖੁ ਹੋਈ ॥

ਗੁਰ ਕੈ ਸਬਦਿ ਕਮਲੁ ਪਰਗਾਸਿਆ ਹਉਮੈ ਦੁਰਮਤਿ ਖੋਈ ॥ (ਪੰਨਾਂ 1334)

ਨਿਜ ਘਰਿ ਵਾਸੁ ਅਮਰ ਪਦੁ ਪਾਵੈ ॥ ਤਾ ਦਰਿ ਸਾਚੈ ਸੋਭਾ ਪਾਵੈ ॥ (ਪੰਨਾਂ 1342)

ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ ॥ ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ ॥ (ਪੰਨਾਂ 1429)

ਹੁਣ ਜੀਵਤ ਮਰੇ ਲਈ ਸਰੀਰ ਨੂੰ ਤਿਆਗਣ ਮਗਰੋਂ ਮੁੱਖ ਦੁਆਰ ਨਸੀਬ ਹੈ। ਅੱਗੇ ਦੋ ਦਰਵਾਜਿਆਂ ਚੋਂ ਦੋ ਹੀ ਰਾਹ ਕਰਤਾ ਪੁਰਖ ਤੱਕ। ਜਿਸ ਆਪਣੀ ਜੀਵਨ ਲੀਲਾ ਮਨ ਨੂੰ ਆਪਣੇ ਸਿਰਜਨਹਾਰ ਮੰਨੇ ਵਿਚ ਸਮਾਈ ਨਾਲ ਨਿਜ ਦਾ ਨਿਰਵਾਣ ਚਾਹਿਆ, ਜਿਸ ਸਰਜੀ ਸਾਧ, ਸੰਤ ਭਗਤ ਨਾਮ ਦੁਅਰਾ ਮਨ ਕਰਤੇ ਦੀ ਭਗਤੀ ਵਿਚ ਸੀ, ਉਸ ਲਈ ਸਰਜੀ ਨਾਮ ਸ਼ਬਦ ਦਾ ਇਸ ਮਨ ਅਤੇ ਮੰਨੇ ਵਿਚਕਾਰੋਂ ਖਾਮੋਸ਼ ਹੋ ਜਾਣਾਂ, ਮਰ ਜਾਣਾਂ, ਜਿਸ ਨੂੰ ਗੁਰਬਾਣੀ ਮਨ ਦਾ ਮਰ ਜਾਣਾਂ, ਧਾਤ ਦਾ ਮਰ ਜਾਣਾਂ। ਭਾਵ ਨਾ ਮੁੜ ਪੈਦਾਇਸ਼ ਹੋ ਸਕਣਾਂ ਅਤੇ ਨਾ ਪਦਾਇਸ਼ ਕਰ ਸਕਣਾਂ, ਨਿਜ ਦਾ ਨਿਰਬਾਨ-ਖਾਤਮਾਂ ਮਿਲ ਜਾਣਾਂ। ਜਿਸ ਇਕ ਸੋਮੇ ਸਰਬ ਸ਼ਕਤੀਮਾਨ ਰਾਮ ਕਰਤੇ ਦੀ ਅੰਸ਼ ਮਨ ਦੀ ਪਦਾਇਸ਼, ਉਸੇ ਮੰਨੇ ਨੂੰ ਮੰਨ ਕੇ ਅੰਤ ਉਸ ਮੰਨੇ ਵਿਚ ਲੀਨਤਾ ਹੋ ਜਾਣੀਂ।

ਸਬਦਿ ਮਰੈ ਤਾ ਉਧਰੈ ਪਾਏ ਮੋਖ ਦੁਆਰੁ ॥ ਗੁਰ ਪਰਸਾਦੀ ਮਿਲਿ ਰਹੈ ਸਚੁ ਨਾਮੁ ਕਰਤਾਰੁ ॥ (ਪੰਨਾਂ 33)

ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥ ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥

ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥ (ਪੰਨਾਂ 58)

ਸਬਦਿ ਮਰੈ ਸੁ ਮੁਆ ਜਾਪੈ ॥ ਕਾਲੁ ਨ ਚਾਪੈ ਦੁਖੁ ਨ ਸੰਤਾਪੈ ॥

ਜੋਤੀ ਵਿਚਿ ਮਿਲਿ ਜੋਤਿ ਸਮਾਣੀ ਸੁਣਿ ਮਨ ਸਚਿ ਸਮਾਵਣਿਆ ॥ (ਪੰਨਾਂ 111)

ਸਤਿਗੁਰੁ ਮਿਲੈ ਤਾ ਤਤੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥

ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥ (ਪੰਨਾਂ 116-117)

ਮੁਖ ਦੁਆਰ ਤੋਂ ਅਗੇ ਦੋ ਵਿਚੋਂ ਦੂਜਾ ਦਰਵਾਜਾ ਹੈ ਜਿਥੋਂ ਪ੍ਰਥਮ ਸੰਸਾਰ ਤੋਂ ਹੀ ਸਤਿਗੁਰੂ ਦੀ ਸਿਖਿਆ ਦਆਰਾ ਸਿਖ ਸੰਤ ਭਗਤ ਹੋਇਆਂ, ਇਸ ਸਾਡੇ ਸੰਸਾਰ ਲਈ ਲੰਘਿਇਆ ਗਿਆ ਹੈ। ਚਰਨ ਕਮਲ ਕਰਤਾ ਪੁਰਖ ਦੀ ਮੌਜ ਤੇ ਸਮੂਹ ਦੇ ਨਿਰਵਾਣ ਲਈ, ਇਸੁ ਮਨ ਕਉ ਨਹੀ ਆਵਨ ਜਾਨਾ ਕਰਕੇ, ਸਮੂਹ ਦੇ ਨਿਰਵਾਣ, ਆਦਿ ਤੋਂ ਅੰਤ ਤੱਕ ਆਪਣੇ ਸਤਿਗੁਰੂ ਨਾਲ ਕੀਤਾ ਹੋਇਆ ਹੈ।

ਇਹ ਹੈ ਅਦਿਸ ਸੰਤ ਸਭਾ ਕੁਦਰਤ, ਜੋ ਗੁਰੂ ਦੇ ਅਮਲਾਂ ਦੁਆਰਾ ਹੋ ਚੁੱਕੇ ਗੁਰਸਿਖ ਨੂੰ ਸ਼ਬਦ ਗੁਰੂ ਵਲੋਂ ਬਖਸ਼ਿਸ਼ ਗਿਆਨ ਨੂੰ ਅਨਭਵ ਦੁਆਰਾ ਪਰਤੱਖ ਸੱਚ ਕਰਕੇ, ਗੁਰਸਿਖ ਦੇ ਆਪਣੇ ਗੁਰੂ ਤੇ ਵਿਸ਼ਵਾਸ ਨੂੰ, ਭਰੋਸੇ ਨੂੰ ਅਡੋਲ ਕਰਦੀ ਹੈ। ਉਸ ਦੇ ਜੀਵਤ ਮਰੇ ਹੋਣ ਲਈ ਘਰ ਮੰਦਰ ਤੁਰ ਪੈਣ ਤੱਕ ਗੁਰੂ ਕਰਤੇ ਦੀ ਹੋਂਦ ਅਤੇ ਹਸਤੀ ਦੇ ਪ੍ਰਤੱਖ ਸੱਚ ਦੇ ਅਨੁਭਵ ਦੁਆਰਾ ਗੁਰਸਿਖ ਦੀ ਸਹਾਈ ਹੁੰਦੀ ਹੈ। ਚਰਨ ਕਮਲ ਕਰਤੇ ਦੀ ਮੌਜ ਤੇ ਆਪਣੇ ਸਤਿਗੁਰੂ ਦਾ ਆਪਾਂ ਗੁਰਸਿਖਾਂ ਲਈ, ਜ਼ਿਮੇ ਇਹ ਹੁਕਮ ਵੀ ਨਿਭਾ ਰਹੀ ਹੈ।

ਇਸ ਤੋਂ ਬਿਨਾਂ ਗੁਰਮਤਿ ਅਨੁਸਾਰ ਭੋਤਕ ਸਰੀਰ ਸਿਖ ਦੀ ਹਰ ਗੁਰਦੁਆਰੇ ਸ਼ਬਦ ਗੁਰੂ ਦੀ ਦੁਨਿਆਵੀ ਹੋ ਰਹੀ ਸੰਗਤ ਹੈ। ਕੋਈ ਅੰਮ੍ਰਿਤਧਾਰੀ, ਕੋਈ ਸੇਵਕ, ਕੋਈ ਸ਼ਰਥਾਲੂ, ਕੋਈ ਜਗਿਆਸੂ ਐਤਵਾਰ ਜਾਂ ਕਿਸੇ ਹੋਰ ਦਿਨ ਵੀ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਗੁਰੂ ਰੂਪ ਸੰਗਤ ਹੋ ਬੈਠਦੇ ਹਨ। ਇਥੇ ਸ਼ਬਦ ਗੁਰੂ ਦੁਆਰਾ ਸੁਣਿਆ ਉਪਦੇਸ਼, ਕਿਸੇ ਰਾਗੀ, ਢਾਡੀ, ਗਿਆਨੀ ਦੇ ਮੁਖਾਰਬਿੰਦ ਤੋਂ ਸੁਣਿਆਂ ਸ਼ਬਦ ਗੁਰੂ ਦਾ ਉਪਦੇਸ਼, ਭਾਵੇਂ ਸੰਗਤ ਵਿਚ ਬੈਠੇ ਹਰ ਪਰਾਣੀ ਲਈ ਹਦਾਇਤ ਹੈ ਕਿ ਉਹ ਸੁਣੇ ਗੁਰੂ ਉਪਦੇਸ਼ ਨੂੰ ਆਪਣੇ ਲੜ ਬੰਨ ਨਾਲ ਲੈਕੇ ਜਾਵੇ ਅਤੇ ਉਸ ਤੇ ਅਮਲ ਕਰੇ। ਪਰ ਸੱਭ ਤੋਂ ਪਹਿਲੇ ਸੰਗਤ ਵਿਚੋਂ ਅੰਮ੍ਰਿਤਧਾਰੀ ਸਿਖ ਹੈ, ਜਿਸ ਨੇ ਸਿਖ ਧਰਮ ਨੂੰ ਅਪਣਾਇਆ ਹੋਇਆ ਹੈ। ਉਹ ਗੁਰਦੁਆਰੇ ਸੁਣੇ ਇਕ ਵਾਰ ਗੁਰੂ ਉਪਦੇਸ਼ ਨੂੰ, ਜਿਸ ਦੀ ਜੇ ਅਜੇ ਉਸ ਤੋਂ ਪੂਰਤੀ ਨਹੀ ਹੋਈ ਤਾਂ ਅਗਲੀ ਵਾਰ ਗੁਰੂ ਦੇ ਹੋਰ ਉਪਦੇਸ਼ ਨੂੰ ਸੁਣਨ ਜਾਣ ਤੋਂ ਪਹਿਲੋਂ, ਪਹਿਲੇ ਸੁਣੇ ਗੁਰੂ ਉਪਦੇਸ਼ ਨੂੰ ਮੰਨਕੇ ਜਾਂਦਾ ਹੈ ਤਾਂ ਹੀ ਇਕ ਸਿਖ ਦੀ ਇਹ ਸ਼ਬਦ ਗੁਰੂ ਦੀ ਹਜੂਰੀ ਵਿਚ ਗੁਰੂ ਰੂਪ ਸੰਗਤ ਵਿਚ ਸੰਗਤ ਸਫਲ ਹੈ। ਜਿਸ ਨੇ ਅੰਤ ਗੁਰੂ ਬਖਸ਼ਿਸ ਅਸਲ ਸਾਧ, ਸੰਤ ਭਗਤ ਦੀ ਸੰਗਤ ਵਿਚ ਕਰਨਾਂ ਹੈ। ਇਸ ਬਿਨਾਂ ਸਿਖ ਵਲੋਂ ਅਪਣੇ ਸ਼ਬਦ ਗੁਰੂ ਦੀ ਸੰਗਤ, ਇਸ ਹਜੂਰ ਜੁੜੀ ਗੁਰੂ ਰੂਪ ਸੰਗਤ ਦੀ ਸੰਗਤ, ਸੱਭ ਅਧੂਰੀ, ਨਿਖੱਟੀ, ਅਪੂਰਣ, ਬਿਅਰਥ ਹੈ।

ਸੋ ਸੰਗਤ ਜੀ ਅੱਜ ਗੁਰਮਤਿ ਅਨੁਸਾਰ ਸਤਿਗੁਰੂ ਹੱਥ ਨਾਮ ਦੀ ਦਾਤ ਬਖਸ਼ਿਸ਼ ਵਾਲਾ ਸੰਸਾਰ ਤੇ ਕੋਈ ਸਿਖ ਨਹੀਂ ਹੈ ਜੋ ਗੁਰੂ ਵਲੋਂ ਨਾਮ ਦੀ ਬਖਸ਼ਿਸ ਆਸਰੇ ਆਪਣੇ ਨਾਮ ਨਾਲ ਸੰਤ ਹਰਫ ਲਗਾਉਣ ਦਾ ਅਧਿਕਾਰੀ ਹੋਵੇ। ਇਹ ਗੁਰਸਿਖ ਕਾਫਲਾ ਆਪਣੇ ਖਾਲਸਾ ਪੰਥ ਆਪਜੀ ਨਾਲ ਇਹ ਗੁਰਮਤਿ ਸੱਚ ਨਗਾਰੇ ਦੀ ਚੋਟ ਤੇ ਹੋਕਾ ਦੇ ਕੇ ਸਾਂਝਾ ਕਰਦਾ ਹੈ ਕਿ ਭਾਵੇਂ ਆਪਣਾਂ ਸਭ ਦਾ ਅਤੇ ਬਿਪਰਣ ਦਾ ਸਿਰਜਣਹਾਰ ਕਰਤੇ ਦੀ ਰਜਾ, ਕਰਤੇ ਦਾ ਸੱਚਾ ਸਰਜੀ ਨਾਮ ਹੈ। ਪਰ ਇਸ ਬਿਪਰਨ ਨੇ ਇਸ ਪਿਤਾ ਨੂੰ ਅਤੇ ਨਾ ਹੀ ਇਨਸਾਨ ਜਾਤੀ ਦੇ ਇਕੋ ਇਕ ਭੋਤਕ ਸਰੀਰ ਵਿਚ ਹੋਏ, ਪਰਮ ਪੁਰਖ ਪਿਤਾ ਨੂੰ ਹੀ ਪਿਤਾ ਸਵਿਕਾਰ ਕੀਤਾ ਹੈ। ਇਸ ਲਈ ਇਹ ਬਿਪਰਣ ਤਾਂ 84 ਜੋਗ ਵਿਧੀਆਂ ਦੀ ਕਾਢ ਦੁਆਰਾ ਆਪਣਿਆਂ ਨੂੰ ਕਿਸੇ ਹੋਰ ਨਕਲੀ ਰੱਬ ਨੂੰ ਝੁਕਾ ਕੇ ਆਪਣੇ ਕਾਬੂ ਕਰਕੇ ਅਪਣੇ ਅਧੀਨ ਕਰਨ ਲੈਣ ਦੇ ਕੁਕਰਮ ਵਿਚ ਲਾਉਂਦਾ ਹੈ। ਸੋ ਬਿਪਰਨ ਦੀਆਂ ਆਪਣੇ ਨਕਲੀ ਰੱਬਾਂ, ਠਾਕਰਾਂ ਨੂੰ ਜਬਰੀਂ ਕਾਬੂ ਕਰਕੇ ਆਪਣੇ ਅਧੀਨ ਕਰਨ ਲਈ ਕੂੜ ਯੋਗ ਵਿਧੀਆਂ ਦੀ ਤਰਜ ਤੇ ਅਗਰ ਕੋਈ ਸਿਖ, ਸਿਖਾਂ ਨੂੰ ਗੁਰਮਤਿ ਦੇ ਨਾਮ ਉਤੇ ਇਹ ਪੜਾਉਂਦਾ ਹੈ, ਸਖਾਉਂਦਾ ਹੈ, ਅਭਿਆਸ ਕਰਾਉਂਦਾ ਹੈ ਕਿ ਜੀ ਤੂੰ ਇਵੇਂ ਸਾਹ ਲੈ ਅਤੇ ਇਵੇਂ ਬਾਹਰ ਕੱਢ। ਨਾਲ ਕਰਤੇ ਦਾ ਸਰਜੀ ਨਾਮ ਨੂੰ ਇਵੇਂ ਜਪ। ਇਸ ਬਿਧ ਤੂੰ ਘਰ ਮੰਦਰ ਵਿਚ ਸਾਸ ਗਿਰਾਸ ਨਾਮ ਨੂੰ ਪ੍ਰਾਪਤ ਕਰ ਜਾਏਂਗਾ ਅਤੇ ਇਸ ਘਰ ਮੰਦਰ ਵਿਚ ਕਰਤਾ ਦੇ ਦਰ ਦੇ ਭਾਰੀ ਦਰਵਾਜੇ ਨੂੰ ਖੋਹਲਕੇ ਆਪਣੇ ਕਰਤੇ ਨੂੰ ਪਾ ਜਾਵੇਂਗਾ ਤਾਂ ਉਹ ਜਾਣੇ ਅਣਜਾਣੇ ਆਪਣੇ ਕੋਲ ਆਏ ਸਿਖ ਨੂੰ ਗੁਰਮਤਿ ਗਿਆਨ ਅਨੁਸਾਰ ਨਹੀਂ ਪੜਾ ਰਿਹਾ। ਸਗੋਂ ਜਾਣੇ ਅਣਜਾਣੇ ਸਿਖ ਨੂੰ ਆਪਣੇ ਅਸਲ ਸਿਰਜਣਹਾਰ ਠਾਕਰ ਨੂੰ ਬਿਪਰਨ ਦੀ ਕਿਸੇ ਸਾਕਤ ਜੋਰ ਬਿਧ ਲੱਭਕੇ, ਝੁਕਾ ਕੇ ਆਪਣੇ ਅਧੀਨ, ਅਪਣਾਂ ਗੁਲਾਮ ਕਰ ਲੈਣਾਂ ਸਖਾਉਂਦਾ ਹੈ। ਜਦ ਕਿ ਸਤਿਗੁਰ ਹੱਥ ਜੀਵਤ ਮਰੇ ਬਖਸ਼ਿਸ਼ ਨੂੰ, ਕੋਈ ਸਿਖ ਅਸਿਖ ਕਿਸੇ ਬਿਧ ਖੋਹ ਸਕਣਾਂ ਵਾਲਾ ਸੰਸਾਰ ਵਿਚ ਨਾ ਕੋਈ ਸਤਿਗੁਰੂ ਦਾ ਸ਼ਰੀਕ ਪੈਦਾ ਹੋਇਆ ਹੈ ਅਤੇ ਨਾ ਹੀ ਕਦੇ ਪੈਦਾ ਹੋ ਸਕਣਾਂ ਹੈ।

ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥ (ਪੰਨਾ 642)

ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ ॥ ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ ॥ (ਪੰਨਾਂ 746)
ਬਿਨੁ ਨਾਵੈ ਸਭ ਭੂਲੀ ਫਿਰਦੀ ਬਿਰਥਾ ਜਨਮੁ ਗਵਾਈ ॥੯॥
ਜੋਗੀ ਜੁਗਤਿ ਗਵਾਈ ਹੰਢੈ ਪਾਖੰਡਿ ਜੋਗੁ ਨ ਪਾਈ ॥ (ਪੰਨਾ 909)

ਸਾਕਤ ਬਿਪਰਣ ਜੋਰ ਬਿਧ, ਸਤਿਗੁਰ ਹੱਥ ਆਪਣੇ ਨਿਮਾਣੇ ਨਿਤਾਣੇ ਸਿਖ ਲਈ, ਉਹ ਵੀ ਤਦ ਹੀ ਜੇ ਕਰਤੇ ਨੇ ਇਹ ਪੂਰਬਲਾ ਭਾਗ ਕੀਤਾ ਹੋਇਆ ਹੈ ਤਾਂ ਨਸੀਬ **ਜੀਵਤੁ ਮਰੈ** ਨੂੰ ਸਾਕਤ ਬਿਪਰਣ ਜੋਰ ਬਿਧ ਦੁਆਰਾ ਪਾ ਲੈਣ ਲਈ ਤੋਰਨ ਵਾਲਿਆਂ ਦੇ ਮਗਰ ਅਨਜਾਣ ਲੱਗਕੇ, ਪਰ ਫਿਰ ਵੀ ਗੁਰ ਕੀ ਲੋੜ ਪੈਣ ਉਤੇ ਸਰਬ ਉਤਮ ਸੇਵਾ ਸ਼ਹਾਦਤ ਸਮੇਂ, ਸ਼ਹੀਦੀ ਸਮੇਂ

ਅਡੋਲਤਾ, ਗੁਰੂ ਨੇ ਨਾਲ ਖੜਕੇ ਬਖਸ਼ਦਿਆਂ, ਹੁਣ ਤੱਕ ਰਹੀ ਇਸ ਕਚ ਦੀ ਪਕਾਈ ਲਈ, ਗੁਰੂ ਵਲੋਂ ਹੁਣ ਤੱਕ ਗਲੇ ਲਗਾਇਆ ਜਾਂਦਾਂ ਰਿਹਾ ਹੈ। ਪਰ ਹੁਣ ਇਹ ਆਮ ਹਰਫੀਂ ਕਲਮਬੰਦ ਹੋਇਆ ਗੁਰਮਤਿ ਦਾ ਸੱਚ ਸੰਗਤ ਵਿਚ ਆ ਜਾਣ ਮਗਰੋਂ ਜੇ ਫਿਰ ਵੀ ਕੋਈ ਸਿਖ ਕਿਸੇ ਸਿਖ ਨੂੰ ਆਪਣੇ ਅਸਲ ਸਿਰਜਣਹਾਰ ਨੂੰ ਜੀਵਤੁ ਮਰੈ ਲਈ ਮਜਬੂਰ ਕਰ ਦੇਣ ਲਈ, ਝੁਕਾ ਦੇਣ ਲਈ, ਜਿਤ ਲੈਣ ਲਈ ਸਿਖ ਸਰੂਪ ਵਿਚ ਕੋਈ ਸਾਕਤ ਜੋਰ ਬਿਧੀ ਦਸਦਾ ਹੈ, ਇਹ ਗੁਰੂ ਨਿੰਦਾ ਅਪਮਾਨ ਸੁਣਾਉਣ, ਸੁਣਕੇ ਸਣਾਉਣ ਵਾਲਾ ਦੇ ਮਗਰ ਲਗਦਾ ਹੈ, ਦੋਵੇਂ ਆਪਣੇ ਆਪਨੂੰ ਸਾਕਤ, **ਖਸਮੈ ਨਦਰੀ ਕੀੜਾ ਆਵੈ** ਕਰ, ਅਪਣੇ ਆਪਨੂੰ ਜੀਪੁੰਦੇ ਹੀ ਜਮ ਜੂਨਾਂ ਨਰਕ ਭਾਗੀ ਕਰ ਚੁੱਕੇ ਹੋਣਗੇ। ਕੋਈ **ਖਸਮੈ ਨਦਰੀ ਕੀੜਾ ਆਵੈ** ਹੋ ਕੇ ਭਾਵੇਂ ਗੁਰਕੀ ਸੇਵਾ ਵਿਚ ਜਾਨ ਵੀ ਗੁਆ ਲਵੇ, ਗੁਰਮਤਿ ਸੱਚ ਦੇ ਹੁਣ ਪ੍ਰਕਾਸ਼ ਹੋ ਜਾਣ ਮਗਰੋਂ ਇਹ ਜਾਨ ਗੁਆਈ ਵੀ ਕਰਤੇ ਵਲੋਂ ਜਮ ਕਰ ਚੜਾਇਆ ਮੁਗਲ-ਮੌਤ ਹੀ ਰਹੇਗੀ।
ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਜੀ ਗੁਰਮਤਿ ਅਨੁਸਾਰ ਹੋਏ ਸੱਚੇ ਸਿਖ, ਸੰਤ, ਭਗਤ ਖਾਲਸੇ ਸਨ ਜਿਨਾਂ ਨੂੰ ਸਤਿਗੁਰੂ ਵਲੋਂ ਕਰਤੇ ਸਿਰਜਣਹਾਰ ਦੇ ਨਾਮ ਦੀ ਬਖਸ਼ਿਸ਼ ਸੀ। ਸਿਖ ਧਰਮ ਮੁਤਾਬਕ ਹੁੰਦੇ ਉਹ ਸਿਖ, ਸੰਤ, ਭਗਤ, ਖਾਲਸੇ ਸਨ ਤਾਂ ਹੀ ਉਨਾਂ ਹੱਕ ਇਹ ਪਵਿਤ੍ਰ ਨਾਮ ਆਪਣੇ ਨਾਮ ਨਾਲ ਜੋੜੇ ਸਨ ਅਤੇ ਸੰਗਤਾਂ ਵਲੋਂ ਉਨਾਂ ਲਈ ਉਚਾਰਿਆ ਇਹ ਪਵਿਤ੍ਰ ਹਰਫ ਸੰਤ, ਉਨਾਂ ਵਲੋਂ ਸਵਿਕਾਰ ਕੀਤਾ ਗਿਆ ਸੀ। ਉਹ ਸਿਖ ਧਰਮ ਮੁਤਾਬਕ ਹੁੰਦੇ ਅਸਲੀ ਸੱਚੇ ਸੰਤ ਸਨ ਤਾਂ ਹੀ ਭਾਈ ਸਿਮਰਨਜੀਤ ਸਿੰਘ ਮਾਨ ਜੀ ਤੁਸੀਂ ਖੁਦ ਵੀ ਅਤੇ ਸੰਗਤਾਂ ਵੀ ਉਨਾਂ ਨੂੰ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਜੀ ਨਾਮ ਨਾਲ ਪੁਕਾਰਦੀਆਂ ਅਤੇ ਯਾਦ ਕਰਦੀਆਂ ਆ ਰਹੀਆਂ ਹਨ।
ਕੋਈ ਪੂਰਨ ਰੂਪ ਗੁਰੁ ਦੇ ਸਮੂਹ ਹੁਕਮਾਂ ਤੇ ਅਮਲਾਂ ਦੁਆਰਾ ਪਹਿਲੋਂ ਗੁਰੂ ਦਾ ਸਿਖ ਹੋਇਆ ਹੋਵੇਗਾ ਤਾਂ ਹੀ ਉਹ ਵਡਭਾਗੀ ਕਰਤੇ ਦੇ ਨਾਮ ਦੀ ਬਖਸ਼ਿਸ ਦੁਆਰਾ ਸੰਤ, ਭਗਤ, ਖਾਲਸਾ ਹੋ ਜਹਾਨੋਂ ਜਾ ਸਕਦਾ ਹੈ ਅਤੇ ਮੁੜ ਗੁਰੂ ਕਰਤੇ ਦੇ ਹੁਕਮਾਂ ਦੀ ਪੂਰਤੀ ਲਈ ਸੰਸਾਰ ਤੇ ਭੌਤਕ ਸਰੀਰ ਵਿਚ ਸਿਖ ਸੰਤ ਭਗਤ ਖਾਲਸਾ ਆ ਸਕਦਾ ਹੈ।
ਖਾਲਸਾ ਜੀ ਸੰਪੂਰਨ ਬੀੜ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਗੁਰੂ ਖਾਲਸਾ ਪੰਥ ਨੂੰ ਮੰਨਣ ਦੇ ਹੁਕਮ ਨਾਲ ਸੌਂਪਣ ਮਗਰੋਂ ਜਾਣੀਜਾਣ ਦਸ਼ਮੇਸ ਪਿਤਾ ਵਲੋਂ ਜਿਨਾਂ ਪੰਜ ਪ੍ਰਾਣੀ ਆਪਣੇ ਸਿੱਖਾਂ ਨੂੰ ਨਹੀਂ, ਸਗੋਂ ਸੇਵਕਾਂ ਨੂੰ ਚੁਣਕੇ, ਉਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੌਂਪਕੇ, ਗੁਰਬਾਣੀ ਦਾ ਪ੍ਰਚਾਰ, ਬਿਪਰਨ ਵਲੋਂ ਨੀਚ ਸੂਦਰ ਕਰਾਰ ਦਿੱਤਿਆਂ ਵਿਚ ਜਾਕੇ ਕਰਨ ਅਤੇ ਗੁਰੂ ਦੇ ਸਿਖ ਹੋਣ ਲਈ ਉਹ ਸ਼ਬਦ ਦੀ ਟਕਸਾਲ, ਸੱਚੇ ਕਿਰਦਾਰ ਇਨਸਾਨ ਸਿੱਕੇ ਢਾਲ, ਖਾਲਸਾ ਪੰਥ ਸੰਗਠਨ ਵਿਚ ਸ਼ਮੂਲੀਅਤ ਲਈ ਅੰਮ੍ਰਿਤ ਦੀ ਦਾਤ ਨਾਲ ਭੇਜਦੇ ਰਹਿਣ। ਇਨਾਂ ਪੰਜਾਂ ਵਿਚੋਂ ਦੋ ਦਾ ਜਾਤ ਅਭਿਮਾਨ ਨਾ ਮਿਟਿਆ ਹੋਣ ਕਰਕੇ, ਨੀਚਾਂ ਵਿਚ ਮਿਸ਼ਨਰੀ ਕਰਕੇ ਗੁਰੂ ਵਲੋਂ ਭੇਜਿਆ ਹੋਣਾਂ, ਮਨੋ ਨਾ ਚਾਹਿਆ। ਇਸ ਕਮਜੋਰੀ ਕਾਰਣ ਬਿਪਰਣ ਆ ਚਿੰਬੜਿਆ ਅਤੇ ਉਨਾਂ ਦੋਨਾਂ ਗੁਰੂ ਕੀਤੇ ਦਲਤ ਸਮਾਜ ਦੇ ਮਿਸ਼ਨਰੀ ਪਰਵਾਰਾਂ ਨੂੰ ਸਿਖ ਬਣਨ ਲਈ ਪਰੇਕੇ, ਸਿਖ ਬਣਨ ਤੇ ਮੱਦਦ ਨਾਲ ਇਨਾਂ ਹੱਥ ਸਿਖ ਸੰਸਥਾਵਾਂ ਕਰਕੇ, ਉਨਾਂ ਤੇ ਬਿਪਰਨ ਰੀਤਾਂ ਦਾ ਪ੍ਰਭਾਵ ਚਾੜ੍ਹਕੇ, ਉਨਾਂ ਦੁਆਰਾ ਪੰਥ ਤੇ ਆਪਣੇ ਹੁਕਮ ਰਜਾ ਨੂੰ ਵਰਤਾਂਣਾਂ ਸ਼ੁਰੂ ਕਰ ਦਿੱਤਾ ਗਿਆ ਅਤੇ ਇਨਾਂ ਦੁਆਰਾ ਸਿਖ ਸੱਚੇ ਸਾਹਿਤ ਨੂੰ ਨਕਲੀ ਜਾਹਲੀ ਕਰਕੇ ਜਾਂ ਆਪਣੇ ਬਿਪਰਣਵਾਦ ਦੀ ਪਾਣ ਲਾਕੇ, ਖਾਲਸਾ ਪੰਥ ਵਿਚ ਪ੍ਰਚੱਲਤ ਕਰਵਾ ਦਿੱਤਾ ਗਿਆ। ਗੁਰੂ ਕੀਤੇ ਸਮੇਂ ਇਨਾਂ ਦੋ ਦੇ ਭੇਦ ਨੂੰ ਨਾਂ ਲੈ ਕੇ ਖੋਹਲ ਦਿੱਤਾ ਜਾਵੇਗਾ ਜੋ ਪੰਜ ਨੀਚ ਸ਼ੁਦਰਾਂ ਲਈ ਗੁਰੂ ਵਲੋਂ ਕੀਤੇ ਮਿਸ਼ਨਰੀਆਂ ਵਿਚੋਂ, ਜੋ ਨਿਰਮਲੇ ਸੰਤ ਕਹੇ ਗਏ ਸੀ, ਇਹ ਮਿਸ਼ਨਰੀ ਕਾਰਜ ਤਿਆਗ ਸਿਖ ਹੋ ਗਏ ਸਨ।
ਇਹ ਗੁਰਸਿਖ ਕਾਫਲਾ ਸੱਭ ਨੂੰ ਗੁਰੂ ਗਿਆਨ ਸਹਾਰੇ ਸਪਸ਼ਟ ਕਰਦਾ ਹੈ ਕਿ ਅੱਜ ਖਾਲਸਾ ਪੰਥ ਲਈ ਭੌਤਕ ਸਰੀਰ ਵਿਚ ਹੋਏ ਉਸ ਪ੍ਰਾਣੀ ਨੂੰ ਹੀ ਸੰਤ ਉਚਾਰ ਸਕਣਾਂ, ਸੰਭਵ ਹੈ ਜੋ ਗੁਰੂ ਵਲੋਂ ਨਿਰਮਲੇ ਸੰਤ ਨਾਮ ਪੰਜ ਪਰਵਾਰਾਂ ਵਿਚੋਂ ਗੁਰੂ ਵਲੋਂ ਬਿਪਰਨ ਦੇ ਐਲਾਨੇ ਚੌਥੇ ਦਰਜੇ ਦੇ ਨੀਚਾਂ ਸ਼ੂਦਰਾਂ ਲਈ ਮਿਸ਼ਨਰੀ ਹੋਣ ਦੇ ਹੁਕਮ ਨੂੰ ਨਿਭਾਉਂਦਿਆਂ ਅੱਜ ਦਲਤ ਸਮਾਜ ਦੇ ਕਿਸੇ ਗੁਰਦੁਆਰਾ ਸਾਹਿਬ ਵਿਚ ਬੈਠਾ ਦਲਤਾਂ ਨੂੰ ਗੁਰਬਾਣੀ ਦੀ ਸਿਖਿਆ ਦੇ ਰਿਹਾ ਹੈ ਅਤੇ ਅੰਮ੍ਰਿਤਧਾਰੀ ਨਹੀਂ ਹੈ। ਜੋ ਕਦੇ ਕਿਸੇ ਨੂੰ ਆਪਣੇ ਪੈਰੀ, ਆਪਣੇ ਲੜ, ਆਪਣੇ ਮਗਰ ਨਹੀਂ ਲਗਾਉਂਦਾ। ਜੋ ਸਭਨਾਂ ਨੂੰ ਸਬਦ ਗੁਰੁ ਦੇ ਚਰਨ ਕਮਲੀਂ, ਮਗਰ, ਲੜ ਲੱਗਣ ਦੀ ਹੀ ਸਿਖਿਆ ਅਤੇ ਪ੍ਰੇਰਨਾਂ ਦੇਂਦਾ ਹੈ। ਜੋ ਕਦੇ ਕਿਸੇ ਬਿਪਰਨ ਦੇ ਨਕਲੀ ਠਾਕਰ ਘਰ ਨਹੀਂ ਜਾਂਦਾ ਅਤੇ ਨਾ ਕਿਤੇ ਹੋਰ ਬਿਪਰਨ ਦੇ ਕਿਸੇ ਨਕਲੀ ਠਾਕਰ ਨੂੰ ਸਿਰ ਹੀ ਝੁਕਾਉਂਦਾ ਹੈ। ਇਹ ਅੱਜ ਉਨਾਂ ਬਾਕੀ ਪਹਿਲੇ ਤਿੰਨ ਨਿਰਮਲੇ ਸੰਤ ਮਿਸ਼ਨੀ ਪ੍ਰਵਾਰਾਂ ਦੀ ਨੇਕ ਸੰਤ ਨਾਮ ਸੰਤਾਨ ਹੈ ਜੋ ਆਪਣੇ ਦਸ਼ਮੇਸ਼ ਪਿਤਾ ਦੇ ਜ਼ਿਮੇ ਲੱਗੇ ਹੁਕਮ ਨੂੰ ਨਿਭਾ ਰਹੇ ਨੇ। ਜੋ ਬਿਪਰਨ ਦੇ ਐਲਾਨੇ ਸ਼ੁਦਰ ਨੀਚ ਵਰਗ ਦੀ ਧਾਰਮਕਿ ਅਗਵਾਈ ਲਈ ( ਜੇ ਚਾਹੁਣ ਰਾਜਨੀਤਕ ਵੀ) ਗੁਰੂ ਵਲੋਂ ਸਥਾਪਤ ਕੀਤੇ ਹੋਏ

ਨੁਮਾਇੰਦੇ ਨੇ ਅਤੇ ਇਕੋ ਗੁਰੂ ਦੇ ਹੋਇਆਂ ਖਾਲਸਾ ਪੰਥ ਵਿਚਕਾਰ ਅਤੇ ਹੋਣ ਵਾਲਿਆਂ ਵਿਚਕਾਰ ਗੁਰੂ ਵਲੋਂ ਕੀਤੀ ਹੋਈ ਪਵਿਤ੍ਰ ਗੰਢ ਹੈ। ਇਹ ਹੈ ਗੁਰਬਾਣੀ ਵਿਚ ਗੁਰੂ ਐਲਾਨ ਮੁਤਾਬਕ, ਗੁਰੂ ਦਸ਼ਮੇਸ਼ ਪਿਤਾ ਵਲੋਂ ਆਪਣੇ ਪਿਆਰੇ ਨਿਰਮਲੇ ਸੰਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ, ਗੁਰੂ ਵਲੋਂ ਨੀਚੋਂ ਅੱਤ ਨੀਚਾਂ ਵਿਚ ਆਪਨੂੰ ਖੜੇ ਕਰ ਲੈਣਾਂ ਜਿਸ ਵਿਚ ਹੀ ਉਸ ਦੇ ਇਨਸਾਨ ਕ੍ਰਿਦਾਰ ਪਿਆਰਿਆਂ ਦੀ ਲਾਲੋਕੇ ਜਾਤ ਹੈ। ਨਾਲ ਹੀ ਜੋ ਵੱਡਾ ਸਿਖਰ ਸੱਚ ਸ਼ਬਦ ਗੁਰਬਾਣੀ ਸਤਿਗੁਰੂ, ਗੁਰਮੁਖ ਵਲੋਂ ਇਨਸਾਨ ਦੇ ਅਤੇ ਇਸ ਲਈ ਇਸ ਦਿਸ ਅਦਿੱਸ ਸਰਿਸ਼ਟੀ ਦੇ ਸਿਰਜਣਹਾਰ ਦਾ ਇਹ ਪੈਗਾਮ ਅਟੱਲ ਕਰ ਦਿੱਤਾ ਗਿਆ ਹੈ ਕਿ ਹਰ ਦਾ ਸਿਰਜਣਹਾਰ ਸੱਚਾ ਪਿਤਾ ਅਤੇ ਉਸ ਦੀ ਸੱਚੀ ਨੇਕ ਨਿਰਮਲ ਇਨਸਾਨ ਜਾਤ ਖਾਲਸਾ ਪੰਥ, ਧਰਮ ਦੇ ਨਾਮ ਉਤੇ ਘੋਰ ਅਨਿਆ ਜ਼ੁਲਮ ਦੀ ਸਿਖਰ ਦਾ ਸ਼ਿਕਾਰ, ਬ੍ਰਾਹਮਣ ਦੇ ਨੀਚ ਸ਼ੂਦਰਾਂ ਨਾਲ ਅਤੇ ਬਾਕੀ ਹਰ ਤਰਾਂ ਦੇ ਅਨਿਆ ਨਾਲ ਨਿਰਬਲ, ਨਿਮਾਣੇ, ਨਿਤਾਣੇ, ਬੇਆਸਰੇ ਮਜ਼ਲੂਮ ਕਰ ਦਿੱਤੇ ਗਏ ਅਪਣੇ ਇਨਸਾਨ ਭਾਈ ਨਾਲ, ਸਰੱਬਤ ਦੇ ਭਲੇ ਲਈ ਖੜ੍ਹੇ ਨੇ।

ਹਾਂ ਇਹ ਵੀ ਕਿ ਇਹ ਕੁਕਰਮ ਕਰਤੂਤ ਰਹਿਤ ਨਿਰਮਲ ਇਨਸਾਨ ਜਾਤ ਖਾਲਸਾ ਪੰਥ ਆਪਣੇ ਉਪਰ ਕਿਸੇ ਦੁਨਿਆਵੀ ਤਖਤ ਦੇ ਸਰਬੱਤ ਦੇ ਭਲੇ ਉਲਟ ਕਿਸੇ ਫੁਰਮਾਨ ਅਤੇ ਕਾਰ ਨੂੰ ਮੰਨਣ ਤੋਂ ਮੁਕਤ ਅਜਾਦ ਸੱਭ ਦੇ ਇਕੋ ਇਕ ਸਿਰਜਣਹਾਰ ਕਰਤਾਪੁਰਖ ਰਾਜਾ ਅਤੇ ਉਸ ਦਾ ਸਾਡੇ ਲਈ ਹੁਕਮ ਰਜਾਈ ਚਲਣਾਂ ਹੀ ਫੁਰਮਾਨ ਜਾਣਦੇ ਨੇ।

**ਸਿਖ ਮਤਿ ਸਭ ਬੁਧਿ ਤੁਮ੍ਾਰੀ ਮੰਦਿਰ ਛਾਵਾ ਤੇਰੇ ॥**

**ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ॥** (ਪੰਨਾ 795)

ਸੋ ਇਥੇ ਤੱਕ ਵੇਖ ਹੀ ਸਕੇ ਹਾਂ ਕਿ ਨਿਰਮਲੇ ਸੰਤ ਪ੍ਰਵਾਰ ਵਿਚ ਜਨਮੀ ਸੰਤਾਨ ਵਿਚੋਂ ਜੋ ਮੁਖ ਰੂਪ ਗੁਰਬਾਣੀ ਪ੍ਰਚਾਰ ਦੀ ਜ਼ਿਮੇਵਾਰੀ ਨਿਭਾ ਰਿਹਾ ਹੈ, ਸਿਰਫ ਤੇ ਸਿਰਫ ਉਹ ਹੀ ਆਪਣੇ ਨਾਮ ਨਾਲ ਗੁਰੂ ਵਲੋਂ ਅਧਿਕਾਰਤ ਪਵਿਤ੍ਰ ਹਰਫ ਸੰਤ ਧਰਾ ਸਕਦਾ ਹੈ। ਸੋ ਬੱਲਾਂ ਵਾਲਾ ਸਾਧ ਕਿਥੋਂ ਜੰਮ ਪਿਆ ਆਪਣੇ ਨਾਲ ਸੰਤ ਹਰਫ ਧਰਾਉਣ ਵਾਲਾ ਅਤੇ ਇਹ ਸਿਖ ਸਰੂਪ ਵਿਚ ਬੋਧੀ, ਸਿੰਘ ਨਾਮ ਧਰਾਈ ਰੱਖਣ ਵਾਲਾ, ਆਪਣੇ ਮੂੰਹ ਵਿਚ ਦਲਤਾਂ, ਇਨਾਂ ਦੀ ਅਗਵਾਈ ਅਤੇ ਇਨਾਂ ਲਈ ਭਗਤਾਂ ਦੀ ਬਾਣੀ ਹਰਫ, ਲੈ ਆਉਣ ਵਾਲਾ?

ਇਹ ਏਕਤਾ ਲਈ ਹੋਕਾ ਦਸਤਾਵੇਜ਼ ਗੁਰਸਿਖ ਕਾਫਲੇ ਦੀ ਸੱਥ ਵਿਚ ਵਿਚਾਰ ਕਰਕੇ ਨਿਖਾਰ, ਸ਼ੰਗਾਰ ਸੋਧ ਲਈ ਖਰੜੇ ਵਜੋਂ ਅਜੇ ਤਿਆਰ ਹੋਇਆਂ ਕਝ ਕੁ ਘਿੰਟੇ ਹੀ ਹੋਏ ਸਨ ਕਿ ਇਹ ਸੱਚ ਸਾਹਮਣੇਂ ਸਥਿਰ ਹੋ ਜਾਂਦਾ ਹੈ ਕਿ ਇਸ ਸੰਸਾਰ ਉਤੇ ਹੁਣ ਤੱਕ ਚੱਲਿਆ ਆਉਂਦਾ ਅਨਹੋਣਾਂ, ਅਸੰਭਵ, ਹੁਣ ਸੰਸਾਰ ਤੇ ਹੋ ਚੁੱਕਾ ਹੋ। ਸਿਖ ਸਰੂਪ ਵਿਚ ਬੋਧੀ ਪ੍ਰੋ ਗੁਰਨਾਮ ਸਿੰਘ ਮੁਕਤਸਰ ਵਲੋਂ ਚਾਰ ਸਾਲਾਂ ਪਹਿਲਾਂ ਲਿਖਤੀ ਐਲਾਨੇ ਅਨੁਸਾਰ, ਸੰਸਾਰ ਉਤੇ ਹੁਣ ਤੱਕ ਚਲੇ ਆਉਂਦੇ ਅਨਹੋਣੇ, ਅਸੰਭਵ ਨੂੰ ਸੰਭਵ ਕਰਦਿਆਂ, ਆਪਣੇ ਦੂਜੇ ਰੂਪ ਬੱਲਾਂ ਵਾਲੇ ਸਾਧ ਨਾਲ ਮਿਲਕੇ, ਸ੍ਰੀ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਭਗਤਾਂ ਦੀ ਬਾਣੀ ਨੂੰ ਸਿਖਰ ਜਾਬਰ, ਜਰਬਾਣੇ ਹੋ ਕੱਢ, ਇਸ ਦੀ ਨਕਲੀ ਬੀੜ ਕਾਂਸ਼ੀ ਤੋਂ ਤਿਆਰ ਕਰਵਾਕੇ ਪੰਜਾਬ ਲਿਆ ਚੁੱਕਾ ਹੈ। ਇਸ ਨੂੰ ਗੁਰੂ ਮੰਨਣ ਦਾ ਫੁਰਮਾਣ ਆਪਣੇ ਮਗਰ ਦਲਤ, ਦਲਤ ਸਮਾਜ ਦਾ ਨਾਮ ਵਰਤਕੇ, ਅਸਾਂ ਲਾਲੋਕਿਆਂ ਦੇ ਭੋਲੇ ਭਾਲੇ ਸਾਡੇ ਇਕੋ ਗੁਰੂ ਮਾਰਗ ਭਾਈਆਂ ਲਈ ਕਾਂਸ਼ੀ ਤੋਂ ਹੋ ਚੁੱਕਾ ਹੈ ਅਤੇ ਇਹ ਸਿਖਰ ਸੰਸਾਰ ਸਾਕਤ ਸਾਧ ਸ਼ੈਤਾਨ ਬੱਲਾਂ ਵਾਲੇ + ਪੱਗ ਵਾਲੇ ਬੋਧੀ ਆਪਣੇ ਸ਼ੈਤਾਨ ਮੰਦਰਾਂ ਵਿਚ ਆਪਣੀ ਇਸ ਸਿਖਰ ਸ਼ੈਤਾਨ ਕਰਤੂਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗਰ ਸਥਾਪਤ ਕਰਨ ਦੇ ਮੌਕੇ ਦੀ ਤਲਾਸ਼ ਵਿਚ ਹਨ।

**ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ ॥**

**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥** (ਪੰਨਾ 654-655)

ਸਿਖ ਸੰਤ ਭਗਤ ਖਾਲਸੇ ਜੀ ਸਮੂਹ ਸਿਖ ਸੰਤ ਭਗਤ ਜਨਾਂ ਸਮੇਤ, ਕਲਿਜੁਗ ਧਰਤ ਸੰਸਾਰ ਉਤੇ ਅ ਚੁੱਕੇ ਨੇ। ਸਤਿਗੁਰ ਦੁਆਰਾ ਬਖਸ਼ਿਸ਼ ਧੁਰਕੀ ਆਦਿ ਬਾਣੀ, ਸਿਰਜਣਹਾਰ ਹੁਕਮੀਂ ਕਲਿਜੁਗ ਧਰਤ ਉਤੇ ਪਵਿਤ੍ਰ ਹਰਫੀਂ, ਉਨਾਂ ਪੱਲੇ ਹੋ ਚੁੱਕੀ ਹੈ। ਉਹ ਖਾਲਸੇ, ਆਪਣੇ ਜ਼ਿਮੇਂ ਬਖਸ਼ਿਸ਼ ਆਈ ਆਪਣੇ ਸਿਰਜਣਹਾਰ ਸਤਿਗੁਰੂ-ਕਰਤਾ ਪੁਰਖ ਦੀ ਪ੍ਰੇਮ ਭਗਤ- ਹੁਕਮ ਰਜਾ ਨੂੰ ਜਾਣ ਚੁੱਕੇ ਨੇ। ਸਤਿਗੁਰੂ ਸੰਸਾਰ ਆ ਇਸ ਪਵਿਤਰ ਭਗਤਾਂ ਦੀ ਬਾਣੀ ਨੂੰ ਲੈ ਦਸ ਜਾਮਿਆਂ ਤੱਕ, ਗੁਰੂ ਬਾਣੀ ਸਮੇਤ ਪੂਰਨ ਇਕ ੴ ਸ਼ਬਦ ਗੁਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਇਕ ਪਿਤਾ ਦੀ ਇਕ ਸੰਤਾਨ ਪ੍ਰਵਾਰ ਮਨੁੱਖ ਜਾਤੀ ਲਈ ਖਾਲਸਾ ਪੰਥ ਨੂੰ ਸੌਂਪਦੇ, ਇਸ ਨੂੰ ਸਾਰੀ ਸੰਸਾਰ ਮਨੁਖ ਜਾਤੀ ਦਾ ਸਾਂਝਾ ਕਰਦੇ ਨੇ। ਜਿਸ ਮਨੁੱਖ ਜਾਤੀ ਨੂੰ ਗੁਰਬਾਣੀ, ਸ਼ਬਦ ਗੁਰੂ ਦੇ ਹਜ਼ੂਰ ਗੁਰੂ ਦੀ ਸੰਗਤ ਐਲਾਨਦੀ, ਇਸ ਸੰਗਤ-ਮਨੁੱਖ ਜਾਤੀ ਨੂੰ ਗੁਰੂ ਤੋਂ ਵੱਡੀ ਹੋਣ ਦਾ ਮਾਨ ਸਤਿਕਾਰ ਦੇਂਦੀ ਹੈ। ਜਿਥੇ ਨਾਂ ਰੰਗ ਹੈ, ਨਾ ਨਸਲ ਹੈ, ਨਾ ਸ਼ਕਲ ਹੈ। ਜਿਥੇ ਇਕ ਪਿਤਾ ਦੀ ਇਕ ਭਾਈ ਸੰਤਾਨ ਇਕ ਹੋਈ ਆਪਣੇ ਸਿਰਜਣਹਾਰ ਦੇ ਮਿਲਾਪ ਲਈ ਮਾਰਗ,

ਮਾਰਗ ਗਿਆਨ ਅਤੇ ਇਸ ਮਾਰਗ ਗਿਆਨ ਅਨੁਸਾਰ ਚੱਲਣ ਦਾ ਉਪਦੇਸ਼ ਸੱਭ ਇਨਸਾਨ ਨੂੰ ਬਿਨਾਂ ਵੱਧ ਘੱਟ, ਸੱਭ ਬਰਾਬਰ ਮਿਲ ਰਿਹਾ ਹੈ। ਜੋ ਅੰਤ ਮਿਲ ਸਰਬੱਤ ਦੇ ਭਲੇ ਦੀ ਅਰਦਾਸ ਆਪਣੇ ਜਿੰਦਾ, ਜਾਗਦੇ, ਵੇਖਦੇ ਸੁਣਦੇ, ਸੱਭ ਪਿਛਲੇ, ਸਭ ਹੁਣ ਦੇ ਅਤੇ ਹੋਣ ਤੋਂ ਜਾਣੀਂਜਾਣ ਸ਼ਬਦ ਗੁਰੂ ਅੱਗੇ ਕਰਦੇ ਨੇ। ਇਸ ਦਰੋਂ ਇਕੱਠੇ ਇਕ ਪਿਤਾ ਦੀ ਸੰਤਾਨ ਪਰਵਾਰ ਗੁਰੂ ਦੀ ਪੰਗਤ ਵਿਚ ਬੈਠ, ਲੰਗਰ ਸ਼ਕਦਾ ਹੈ ਅਤੇ ਅਪਣੇ ਸਿਰਜਨਹਾਰ ਕਰਤੇ ਦਾ ਇਹ ਸੁਨੇਹਾ ਲਈ ਜਾਂਦਾ ਹੈ ਕਿ ਸਭ ਇਨਸਾਨ ਦੀ ਸਾਂਝੀ ਦੇਗ, ਭਾਵ ਸਰਿਸ਼ਟੀ ਦੇ ਸਿਰਜਣਹਾਰ ਪਿਤਾ ਵਲੋਂ ਸੰਸਾਰ ਦੇ ਨਿਰਬਾਹ ਲਈ ਸਭ ਕੁਦਰਤੀ ਸੁਖ ਸੋਮੇ, ਆਪਣੀ ਸਾਰੀ ਇਨਸਾਨ ਜਾਤੀ ਸੰਤਾਨ ਪ੍ਰਵਾਰ ਵਿਚ ਸਭ ਲਈ ਅਤੇ ਸਰਿਸ਼ਟੀ ਵਿਚ ਆਪਣੇ ਹੀ ਸਿਰਜਨਹਾਰ ਦੀ ਉਪਜ ਹਰ ਹੋਰ ਜੀਵ ਜੰਤੂ ਦੇ ਸਾਂਝੇ ਹਨ। ਇਸ ਦਰ ਆਇਆ, ਇਸ ਘਰ ਸੁਣੇ ਸੱਚੇ ਨੂੰ ਅਮਲੀ ਹੋਇਆ ਵੇਖ, ਕਰਤੇ ਦੇ ਸੱਚ ਦਾ ਅਤੇ ਇਸ ਸੱਚ ਦੁਆਰਾ ਬਖਸ਼ਿਸ਼, ਮਨ ਨੂੰ ਅਦਭੁਤ ਅਨਮੋਲ ਸੁਖ ਸ਼ਾਂਤੀ ਦਾ ਮਿਲਿਆ ਅਨੁਭਵ ਲੈਕੇ ਪ੍ਰਸੰਨ ਹੋ ਜਾ ਰਿਹਾ ਹੈ।

ਅੱਜ ਜਦੋਂ ਇਸ ਪੁਜਾਰੀ ਮਸੰਦ ਦੁਸ਼ਟ ਜੁੰਡਲੀ ਨੇ ਪ੍ਰੋ. ਦਰਸ਼ਨ ਸਿੰਘ ਜੀ ਨੂੰ ਕੂੜ ਦੇ ਸਹਾਰੇ ਪੰਥ ਵਿਚੋਂ ਖਾਰਜ ਕਰਨ ਦਾ ਨਾਦਰਸ਼ਾਹੀ ਫੁਰਮਾਨ ਜਾਰੀ ਕੀਤਾ ਹੈ ਤਾਂ ਆਪਜੀ ਸ਼ਰੋਮਣੀ ਖਾਲਸਾ ਪੰਚਾਇਤ ਦੇ ਸਿੰਘਾਂ ਦਾ ਅਣਖੀ ਗੁਰਸਿਖ ਖੂਨ ਖੌਲਣੋਂ ਨਾ ਰਹਿ ਸਕਿਆਂ ਵੇਖ ਕੇ ਮੁੜ ਮਨ ਖੁਸ਼ ਹੋਇਆ ਹੈ ਜੋ ਜਥੇਬੰਦੀ ਵਲੋਂ ਮੱਕੜ ਮਕਾਰ ਮਸੰਦ ਦਾ ਪੁਤਲਾ ਸਾੜਕੇ, ਇਸ ਪੁਜਾਰੀ ਮਸੰਦ ਦੁਸ਼ਟ ਲਾਣੇਂ ਨੂੰ ਸੁਨੇਹਾ ਦੇ ਦਿੱਤਾ ਹੈ ਕਿ ਤੁਸਾਂ ਗੁਰੂ, ਗੁਰੂ ਪੰਥ ਦੇ ਧ੍ਰੋਹੀਆਂ, ਅਕ੍ਰਿਤਘਣਾਂ ਅਤੇ ਤੁਸਾਂ ਦੇ ਨਾਦਰਸ਼ਾਹੀ ਫੁਰਮਾਨਾਂ ਨੂੰ ਪੰਥ ਕਦੇ ਵੀ ਸਵਿਕਾਰ ਨਹੀਂ ਕਰੇਗਾ। ਸਗੋਂ ਤੁਸਾਂ ਲਈ ਤਿਆਰ ਚਿਖਾ ਵਿਚ ਤੁਸਾਂ ਮੁਰਦਿਆਂ ਨੂੰ ਰੱਖਕੇ, ਖਾਲਸਾ ਪੰਥ ਤੁਸਾਂ ਦੀ ਚਿਤਾ ਨੂੰ ਅੱਗ ਲਾ, ਤੁਸਾਂ ਨੂੰ ਦਫਨਾ - ਦਫਾ ਕਰ, ਪਹਿਲਾ ਸੁੱਖ ਦਾ ਸਾਹ ਲਵੇਗੀ।

ਸਾਡੇ ਗੁਰੂ ਪਿਆਰੇ ਗੁਰਸਿਖ ਵੀਰ ਭਾਈ ਰਜਿੰਦਰ ਸਿੰਘ ਜੀ, ਆਉਜੀ। ਹੁਣ ਇਹ ਗੁਰਸਿਖ ਕਾਫਲਾ ਗੁਰੂ ਗਿਆਨ ਦੁਆਰਾ ਗੁਰਸਿਖੀ ਅਮਲੀ ਜੀਵਨ ਦੀ ਸ਼ੁਰੂਆਤ ਨਾਲ ਬਲਵਾਨ ਹੋ ਚੁੱਕਾ ਹੈ। ਆਉਜੀ, ਆਪਾਂ ਮਿਲਕੇ ਓਹ ਹੀ ਸੰਘਰਸ਼ ਮੁੜ ਸੁਰਜੀਤ ਕਰਨਾਂ ਹੈ ਜਿਸ ਦੀ ਸ਼ੁਰੂਆਤ ਆਪਜੀ ਵਲੋਂ ਇਸ ਮਸੰਦ ਲਾਣੇ ਅੱਗੇ ਪੰਥ ਦੇ ਰੋਹ ਦਾ ਵਿਖਾਵਾ ਕਰਦਿਆਂ ਕਦੇ ਪਹਿਲਾਂ ਅਤੇ

ਹੁਣ ਕੀਤੀ ਗਈ ਹੈ। ਆਉ ਜੀ ਸਾਡੇ ਗੁਰੂ ਪਿਆਰਿਓ ਆਓ, ਗੁਰੂ ਮਹਾਰਾਜ ਜੀ ਵਲੋਂ ਸਿਖ ਸੰਘਰਸ਼ ਵਿਚ ਬਣਦੇ ਹਿਸੇ ਦੇ ਨਾਲ ਨਾਲ, ਇਕ ਹੋਰ ਮਹਾਨ ਸੇਵਾ ਵੀ ਆਪਜੀ ਦੇ ਹੱਥ ਕਰਨੀ, ਸੁਝਾਈ ਹੋਈ ਹੈ।

ਸਤਿਕਾਰਯੋਗ ਭਾਈ ਦਲਜੀਤ ਸਿੰਘ ਬਿੱਟੂ ਜੀ, ਜਦੋਂ ਅਪਜੀ ਬਿਪਰਨ ਦੀ ਜੇਲੋਂ ਬਾਹਰ ਆਏ ਸੀ ਤਾਂ ਇਕ ਬਿਆਨ ਵਿਚ ਇਸ ਗੁਰਬਾਣੀ ਹੁਕਮ ਫੁਰਮਾਣ ਦਾ ਹਵਾਲਾ ਦੇਕੇ ਦੁਬਧਾ ਦੂਰ ਕਰਨ ਲਈ ਇਕੱਤਰ ਹੋਣ ਦੀ ਅਪੀਲ ਕੀਤੀ ਗਈ ਸੀ। ਸੋ ਵੀਰ ਜੀ ਇਹ ਗੁਰਬਾਣੀ ਦੇ ਹਵਾਲੇ ਨਾਲ ਕੀਤੀ ਅਪੀਲ ਨੂੰ ਅਸਾਂ ਉਦੋਂ ਦਾ ਸੁਣਿਆਂ ਹੋਇਆ ਹੈ। ਆਪਜੀ ਨੂੰ ਪੁੱਜਦਾ ਕੀਤੇ ਹੋਏ ਦਸਤਾਵੇਜ਼ 'ਸਿਖ ਜਾਂ ਸਾਕਤ' ਵਿਚ ਵੀ ਆਪਜੀ ਕੋਲ ਦੁਬਧਾ ਦੂਰ ਕਰਨ ਲਈ ਆਉਣਾਂ, ਦਰਸਾਇਆ ਹੋਇਆ ਹੈ। ਭਾਵੇਂ ਕਿ ਜੋ ਵਿਚਾਰ ਆਪਜੀ ਨਾਲ ਜਰੂਰੀ ਸਾਂਝੇ ਕਰਨੇ ਸਨ, ਉਸ ਦਸਤਾਵੇਜ਼ ਦਆਰਾ ਆਪਜੀ ਅੱਗੇ ਰੱਖੇ ਜਾ ਚੁੱਕੇ ਹਨ। ਸੋ ਵੀਰ ਜੀ ਇਥੇ ਤਾਂ ਇਹ ਹੀ ਸੱਚ ਅਪੀਲ ਬੇਨਤੀ ਹੈ ਕਿ ਪੰਥ ਧ੍ਰੋਹੀ ਬਿਪਰਨ ਦਿੱਲੀ ਤਖਤ ਵੱਲੋਂ ਜੂਨ ਚੌਰਾਸੀ ਨੂੰ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਉਤੇ ਬੋਲੇ ਫ਼ੌਜੀ ਧਾਵੇ ਸਮੇਂ, ਬਿਪਰਨ ਦਿੱਲੀ ਤਖਤ ਦੀਆਂ ਚੜ੍ਹ ਆਈਆਂ ਫੌਜਾਂ ਨਾਲ ਲੋਹਾ ਖੜਕਾਉਂਦਿਆਂ, ਆਪਣੇ ਹਰਿ ਕੇ ਦੁਆਰ, ਆਪਣੀਆਂ ਅਦਭੁਤ ਲਾਸਾਨੀ ਸ਼ਹੀਦੀਆਂ, ਸ਼ਹਾਦਤਾਂ ਦੁਆਰਾ ਖਾਲਸਾ ਪੰਥ ਦੇ ਆਜਾਦ ਦੇਸ਼ ਦੀ ਨੀਹ ਧਰਕੇ, ਇਸ ਉਤੇ ਪੰਥ ਦੇ ਆਜਾਦ ਦੇਸ਼ ਦੀ ਉਸਾਰੀ ਦਾ ਪੰਥ ਲਈ ਹੁਕਮਨਾਮਾਂ ਜਾਰੀ ਕਰ ਗਇਓ ਨੇ। ਇਸ ਹੁਕਮਨਾਮੇ ਦੀ ਪਾਲਣਾਂ ਕਰਦੇ ਹੋਏ ਖਾਲਸੇ ਦੇ ਦੇਸ਼ ਦੀ ਉਸਾਰੀ ਗੁਰਸਿਖਾਂ ਲਈ ਆਪਣੇ ਗੁਰੂ ਕਰਤੇ ਦਾ ਅਟੱਲ ਹੁਕਮ ਰਜਾ ਹੈ। ਇਹ ਗੁਰਬਾਣੀ ਸੱਚ ਹੈ ਕਿ ਜਿਸ ਸਿਖ ਨੇ ਆਪਣੇ ਆਜਾਦ ਦੇਸ਼ ਦੀ ਉਸਾਰੀ, ਆਪਣੇ ਲਈ ਆਪਣੇ ਗੁਰੂ ਕਰਤਾ ਪੁਰਖ ਦਾ ਹੁਕਮ ਰਜਾ- ਕਰਮ ਨਿਸ਼ਾਨ ਕਰ ਲਿਆ ਹੈ, ਇਸੇ ਨੇ ਇਥੇ ਉਥੇ ਗੁਰੂ ਕਰਤਾ ਪੁਰਖ ਨੂੰ ਨਾਲ ਕਰ ਲਿਆ ਹੈ। ਉਸ ਗੁਰੂ ਕਰਤੇ ਕੀਤੇ ਪਰਖ-ਇਮਤਿਹਾਨ ਚੋਂ ਖੁਦ ਨੂੰ ਪਾਸ ਕਰ ਲਿਆ ਹੈ। ਉਹ ਗੁਰੂ ਦੀ ਇਮਾਨਤ ਸਿਰ ਅੱਜ ਗੁਰੂ ਪੰਥ ਲਈ ਤਲੀ ਤੇ ਲੈਕੇ ਤੁਰ ਪਏ ਨੇ। ਜਾਬਰ ਜਿਨਾਂ ਸਿਰਾਂ ਨੂੰ ਕਲਮ ਕਰਨ ਦੀ, ਗੋਲੀਆਂ ਮਾਰਨ ਦੀ, ਜੇਲੀਂ ਸੁਟਣ ਦੀ, ਤਸ਼ੱਦਦ ਨਾਲ ਸ਼ਹੀਦ ਕਰ ਦੇਣ ਦੀ ਦੁਨਿਆਵੀ ਕੋਈ ਵੀ ਰਸਮ ਅਦਾ ਕਰ ਸਕਦਾ ਹੈ।

ਜਿਨਾਂ ਨੇ ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਦੇਸ਼ ਦੀ ਧਰਿ ਨੀਂਹ ਉਤੇ ਉਸਾਰੀ ਦੇ ਹੁਕਮਨਾਮੇਂ ਨੂੰ ਠੁਕਰਾ ਦਿੱਤਾ ਹੈ ਅਤੇ ਬਿਪਰਨ ਤਖਤ ਦੀ ਗੁਲਾਮੀ ਨੂੰ ਸਵਿਕਾਰ ਕਰ ਲਿਆ ਹੈ, ਉਸ ਨੇ ਆਪਣੀਆਂ ਬਾਕੀ ਸੇਵਾਵਾਂ ਨੂੰ ਜੀਰੋ ਕਰਕੇ, ਗੁਰੂ ਕਰਤਾ ਰਾਮ ਤੋਂ ਅਤੇ ਆਪਣੇ ਪੰਥ ਤੋਂ ਬੇਮੁਖ ਕਰ ਲਿਆ ਹੈ ਅਤੇ ਆਪਣੇ ਆਪਨੂੰ ਜਮ ਪੰਥ ਮਾਰਗ ਤੋਰ ਲਿਆ ਹੈ।

ਸੋ ਵੀਰ ਜੀ ਅੱਜ ਗੁਰਸਿਖ ਖਾਲਸਾ ਪੰਥ ਦੀ ਮੰਜਿਲ ਆਪਣੇ ਆਜਾਦ ਦੇਸ਼ ਦੀ ਉਸਾਰੀ ਹੈ ਨਾ ਕਿ ਇਹ ਪੰਜ ਚਾਰ ਮੰਗਾਂ ਜਿੰਨਾਂ ਨੂੰ ਦਿਲੀ ਤਖਤ ਤੋਂ ਮੰਗਵਾਣ ਲਈ ਆਪਜੀ ਦਿੱਲੀ ਜਥੇ ਭੇਜ ਰਹੇ ਹੋ। ਵੀਰ ਜੀਉ ਇਨਾਂ ਮੰਗਾਂ ਕਰਕੇ ਜਾਂ ਅਖੌਤੀ ਸਾਧਾਂ ਖਿਲਾਫ ਉਠਣ ਕਰਕੇ ਜਾਂ ਅਨਿਆਈ ਝੂਠੀ ਕਹਾਣੀ ਦੇ ਸਿਰ ਤੇ ਜਾਬਰ ਤਖਤ ਦੀਆਂ ਜੇਲਾਂ ਨਸੀਬੀਂ ਕਰਨੀਆਂ ਹੀ ਹਨ, ਇਸ ਦੀਆਂ ਗੋਲੀਆਂ ਸੀਨੇ ਕਰਨੀਆਂ ਹੀ ਹਨ, ਇਸ ਦਾ ਤਸ਼ੱਦਦ ਪਿੰਡੇ ਝੱਲਣਾਂ ਹੀ ਪੈਣਾਂ ਹੈ ਤਾਂ ਆਉ ਸਾਡੇ ਗੁਰੂ ਪਿਆਰਿਓ, ਇਹ ਜੇਲਾਂ, ਗੋਲੀਆਂ, ਸਭ ਦਰਦ, ਦੁਖ ਆਪਣੇਂ ਨਸੀਬੀਂ, ਸਭ ਤੋਂ ਪਹਿਲੇ ਆਪਣੇ ਪੰਥ ਦੇ ਆਜਾਦ ਦੇਸ਼ ਦੀ ਉਸਾਰੀ ਦੇ ਜਾਰੀ, ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਹੁਕਮਨਾਮੇ ਦੀ ਪੂਰਤੀ ਲਈ ਕਰੀਏ, ਫਿਰ ਭਾਵੇਂ ਕਿਸੇ ਹੋਰ ਉਰੇ ਦੇ ਪੰਥ ਕਾਰਜ ਲਈ ਮਰੀਏ ਤਾਂ ਇਹ ਮਰਨਾਂ ਸ਼ਹੀਦ ਦਾ ਮਰਨਾਂ, ਗੁਰੂ ਵਲੋਂ ਮਨਜੂਰ ਲਈਏ।

ਐ ਇਸ ਖਤ ਵਿਚ ਸੰਬੋਧਤ ਸਮੂਹ ਪੰਥ ਦਰਦੀ, ਅਣਖੀ, ਜਾਗਦੇ, ਸੰਘਰਸ਼ਮਈ, ਗੁਰਸਿਖ ਵੀਰੋ, ਗੁਰੂ ਗਿਆਨ ਅਨੁਸਾਰ ਅੱਜ ਸਾਡੇ ਪਵਿਤ੍ਰ ਗੁਰਧਾਮਾਂ ਤੇ, ਸਾਡੇ ਧਰਮ ਅਤੇ ਪੰਥ ਤੇ ਕਾਬਜ, ਸਿਖ ਸਰੂਪ ਵਿਚ ਬਿਪਰਨ ਜੁਰਾਇਮ ਪੇਸ਼ਾ ਔਲਾਦ ਮਸੰਦ ਪੁਜਾਰੀ ਲਾਣੇ ਤੋਂ ਪੰਥ ਦੀ ਮੁਕਤੀ ਆਜਾਦੀ ਅਤੇ ਇਨਾਂ ਦੇ ਪਿਉ ਦਾਦੇ ਬਦੀ ਦੇ ਸਿਖਰ ਬਿਪਰਨ ਤਖਤ ਤੋਂ ਖਾਲਸੇ ਦੇ ਦੇਸ਼ ਦੀ ਆਜਾਦੀ ਹੀ ਰਹਿੰਦੇ ਸਾਹਾਂ ਦਾ ਮੁਖ ਕਰਮ ਹੀ ਅੱਜ ਸਿਖੀ ਜੀਵਨ, ਇਸ ਦੀ ਗੁਰ ਕੀ ਸੇਵਾ ਅਤੇ ਗੁਰੂ ਪੰਥ ਸੇਵਾ ਹੈ। ਆਉਜੀ ਸਾਡੇ ਗੁਰੂ ਪਿਆਰਿਓ, ਸਾਡੇ ਪੰਥ ਪਿਆਰਿਓ, ਗੁਰ ਕੀ ਅਤੇ ਗੁਰੂ ਪੰਥ ਦੀ ਸੇਵਾ ਦਾ ਗੁਰੂ ਅੱਗੇ ਅਰਦਾਸਾ ਸੋਧਕੇ ਅਤੇ ਫੜੋ ਜੀ ਇਸ ਗੁਰਸਿਖ ਕਾਫਲਾ ਨਾਮ ਥੱਲੇ ਇਕੱਤਰ ਹੋਕੇ, ਸਿਖ ਸੰਘਰਸ਼ ਦੀ ਵਾਗਡੋਰ-ਅਗਵਾਈ।

ਆਉਜੀ ਸਾਡੇ ਗੁਰੂ ਪਿਆਰਿਓ, ਸਾਡੇ ਪੰਥ ਪਿਆਰਿਓ ਅੱਜ ਗੁਰ ਕੀ, ਗੁਰੂ ਪੰਥ ਦੀ ਅੱਜ ਇਸ ਅਸਲ ਸੇਵਾ ਦਾ ਅਰਦਾਸਾ ਸੋਧਕੇ ਕਿ ਇਹ ਖਬਰ ਬਣ ਕਿ ਤੁਸੀਂ ਗੁਰਸਿਖ ਕਾਫਲੇ ਦੇ ਨਾਲ ਹੋ। ਹੁਣ ਤੇ ਸਿਖ ਸਰੂਪ ਵਿਚ ਬਿਪਰਨ ਦੀ ਜੁਰਾਇਮਪੇਸ਼ਾ ਔਲਾਦ, ਇਹ ਪੁਜਾਰੀ ਮਸੰਦ ਲਾਣਾਂ, ਪ੍ਰੋ ਦਰਸ਼ਨ ਸਿੰਘ ਜੀ ਨੂੰ, ਆਪਣੇ ਵਲੋਂ ਜਾਹਲੀ ਕੀਤੀ ਸੀ ਡੀ ਦੇ ਅਧਾਰ ਤੇ ਪੰਥ ਚੋਂ ਖਾਰਜ ਕਰਨ ਦੇ ਨਾਦਰਸ਼ਾਹੀ, ਔਰੰਗਜ਼ੇਬੀ ਅਕ੍ਰਿਤਘਣੀਂ ਵਾਰਾਂ ਅਤੇ ਫੁਰਮਾਨਾਂ ਤੱਕ ਗੁਰਸਿਖ ਖਾਲਸਾ ਪੰਥ ਨੂੰ ਧੁਰ ਆਤਮਾਂ ਤੱਕ ਲਹੂ ਲੋਹਾਣ

ਕਰ ਦੇਣ ਦੀ ਸਿਖਰ ਕਰ ਗਿਆ ਹੈ। ਹੁਣ ਤਾਂ ਆਉਜੀ ਸਾਡੇ ਗੁਰਸਿਖ ਵੀਰ ਪਿਆਰਿਓ ਇਕੱਤਰ ਹੋਕੇ ਪੰਥ ਦੀ ਰਾਖੀ ਲਈ, ਪੰਥ ਤੇ ਹੁਣ ਤੱਕ ਦੇ ਹੋ ਚੁੱਕੇ ਵਾਰਾਂ ਦਾ ਬਣਦਾ ਜਬਾਬ, ਗੁਰਸਿਖ ਪੰਥ ਏਕੇ ਵਿਚ ਹੋਕੇ ਦੇਣ ਲਈ।

ਸੰਗਤ ਵਿਚੋਂ ਕੋਈ ਪ੍ਰਾਣੀ, ਕੋਈ ਗੁਰਸਿਖ, ਕੋਈ ਗੁਰਸਿਖ ਜਥੇਬੰਦੀ, ਗੁਰ ਕੀ, ਗੁਰੂ ਪੰਥ ਦੀ ਅੱਜ ਇਸ ਅਸਲ ਸੇਵਾ ਦਾ ਅਰਦਾਸਾ ਸੋਧਕੇ ਇਸ ਗੁਰਸਿਖ ਕਾਫਲੇ ਨਾਲ ਮਿਲਕੇ ਸਿਖ ਸੰਘਰਸ਼ ਦੀ ਅਗਵਾਈ- ਜਿਮੇਵਾਰੀ ਨੂੰ ਆਪਣੇ ਸਿਰ ਲੈ ਸਕਦਾ ਹੈ। ਇਸ ਗੁਰਸਿਖ ਕਾਫਲੇ ਵਲੋਂ ਬਹੁ ਮੱਤ ਦੇ ਆਧਾਰ ਤੇ ਨਹੀਂ, ਸਿਰਫ ਗੁਰੂ ਗਿਆਨ ਦੇ ਸਹਾਰੇ ਲਏ ਜਾਣ ਵਾਲੇ ਫੈਸਲਿਆਂ ਵਿਚ ਆਪਣੀ ਰਾਏ ਦੁਆਰਾ ਸਹਾਈ ਹੋ ਸਕਦਾ ਹੈ। ਮੁਕਾਮ ਦੀ ਪੂਰਤੀ ਤੱਕ ਸਿਖ ਮਰਜੀਵੜਿਆਂ ਦੇ ਸੰਘਰਸ਼ ਨੂੰ ਚਲਦਾ ਰੱਖਣ ਵਿਚ ਆਪਣੀ ਸੇਵਾ ਦਾ ਅਨਮੋਲ ਦਾਨ ਪਾ ਸਕਦਾ ਹੈ।

ਜੂਨ ਚੌਰਾਸੀ ਦੇ ਸ਼ਹੀਦਾਂ ਦੀ 25ਵੀਂ ਬਰਸੀ ਮੌਕੇ ਆਪਣੀ ਹੋਂਦ ਨੂੰ ਆਪਣੇ ਚੱਲਣ ਨੂੰ, ਆਪਣੇ ਇਸ ਵਕਤ ਕਰਮ ਨਿਸ਼ਾਨ ਨੂੰ ਇਸ ਦਸਤਾਵੇਜ਼ ਐਲਾਨਨਾਵੇ **'ਤੁਸਾਂ ਵੱਲੋਂ ਧਰੇ ਨੀਂਹ ਪੱਥਰ ਤੇ ਖਾਲਸੇ ਦੇ ਦੇਸ਼ ਦੀ ਉਸਾਰੀ, ਸਾਡੇ ਲਈ ਸਾਡੇ ਗੁਰੂ-ਕਰਤੇ ਦਾ ਹੁਕਮ ਫੁਰਮਾਨ'** ਦੁਆਰਾ ਸੰਬੋਧਤ ਆਪਜੀ ਸੰਘਰਸ਼ਮਈ ਗੁਰਸਿਖ ਅਤੇ ਸੰਗਤਾਂ ਦੀ ਸੱਥ ਵਿਚ ਕਰ ਦਿੱਤਾ ਗਿਆ ਸੀ। ਜੋ ਗੁਰੂ ਦੀ ਧਰਤ www.jaanbaazforce.in ਅਤੇ ਜਰਮਨੀ ਵਿਚ www. Mediapunjab.com ਦੁਆਰਾ ਸੰਗਤ ਦੀ ਜਾਣਕਾਰੀ ਲਈ ਔਨਲਾਇਨ ਹੈ। ਇਸ ਤੋਂ ਅਗਲੇ ਇਸ ਕਾਫਲੇ ਦੇ ਸਫਰ ਇਤਿਹਾਸ ਤੋਂ ਆਪਜੀ ਨੂੰ, ਪੁਜਾਰੀ ਲਾਣੇ ਨੂੰ ਭੇਜੇ ਪਿਛਲੇ ਦਸਤਾਵੇਜਾਂ ਦੀ ਏਮੇਲ ਕਾਪੀ ਦੁਆਰਾ ਜਾਣੂੰ ਕਰਵਾਇਆ ਜਾ ਹੀ ਚੱਕਾ ਹੈ।

ਸੰਸਾਰ ਤੇ ਚੰਗਾ ਹੋ ਰਿਹਾ, ਮਾੜਾ ਹੋ ਰਿਹਾ, ਸਭ ਪਿਛੇ ਕਾਰਣ ਕਰਨ ਕਰੀਮ ਵਲੋਂ ਕਾਰਣ ਅਤੇ ਇਸ ਚੰਗੇ ਮੰਦੇ ਦਾ ਅੱਗੇ ਰੀਐਕਸ਼ਨ, ਅਸਰ, ਨਿਕਲਦਾ ਸੱਚ ਨਤੀਜਾ ਕੀਤਾ ਹੋਇਆ ਹੈ। ਜੇ ਕਰਤੇ ਵਲੋਂ ਕੀਤੇ ਕਾਰਣ ਕਰਕੇ ਜੂਨ ਚੌਰਾਸੀ ਸੂਰੇ ਸਿਖ, ਸੰਤ ਭਗਤ ਖਾਲਸੇ, ਉਸ ਨਾਲ ਸਾਥੀ ਸਿਖ ਵਦਿਆਰਥੀਆਂ ਅਤੇ ਬਿਪਰਨ ਦਿੱਲੀ ਤਖਤ ਤੇ ਬਿਰਾਜਮਾਨ, ਕਦੇ ਖਸਮ ਨੂੰ ਜਿਤਕੇ, ਯਾਰ ਦੇ ਦੇਸ਼ ਤੇ ਕਾਬਜ ਹੋ ਜਾਣ ਵਾਲੀ ਸੰਤ ਦੀ ਵੈਰਣ ਦਾ ਆਪਣੇ ਯਾਰ ਨਾਲ ਮਿਲਕੇ ਲੜਿਆ ਜਾਣਾਂ ਜੰਗ ਅਟੱਲ ਸੀ ਤਾਂ ਇਸ ਦਾ ਰੇਅਕਸ਼ਨ ਰਿਜਲਟ ਨਜੀਤਾ, ਹੁਣ ਤੱਕ ਦੇ ਸ਼ਹੀਦ ਗੁਰੂਆਂ, ਸਿਖਾਂ ਸੰਤਾਂ ਭਗਤਾਂ, ਖਾਲਸਿਆਂ ਦੇ ਡੁਲੇ ਪਵਿਤ੍ਰ ਖੂਨ ਨੇ ਆਪਣਾਂ ਰੰਗ, ਗੁਰੂ ਗਿਆਨ ਦੀ ਅਨਮੋਲ ਬਖਿਸ਼ਿਸ਼ ਦਾਤ ਖਾਲਸਾ ਪੰਥ ਦੇ ਪੱਲੇ ਕਰਨੀ। ਜੇ ਕਰਤੇ ਕੀਤੇ ਕਾਰਣ ਸਿਖ ਦੀ ਪ੍ਰੀਭਾਸ਼ਾ ਤੇ ਵਿਵਾਦ ਸ਼ੁਰੂ ਕਰਵਾਣਾਂ ਅਤੇ ਇਸ ਵਿਚ ਸਾਡੀ ਸ਼ਮੂਲੀਅਤ ਅਟੱਲ ਭਾਣਾਂ ਸੀ ਤਾਂ ਇਸ ਦਾ ਰੇਅਕਸ਼ਨ ਰਿਜਲਟ ਨਜੀਤਾ, ਆਪਾਂ ਗੁਰਸਿਖਾਂ ਨੂੰ ਗੁਰੂ ਅਨੁਸਾਰ ਬਣਦੀ ਅੱਜ ਸਿਖ ਦੀ ਸੱਚੀ ਪ੍ਰੀਭਾਸ਼ਾ ਦਾ ਗਿਆਨ ਬਖਸ਼ਿਸ਼ ਕਰਕੇ, ਆਪਣੇ ਗੁਰਸਿਖਾਂ ਤੋਂ ਉਸ ਅਨੁਸਾਰ ਅਮਲ ਕਰਮਾਂ ਨਾਲ ਸੰਸਾਰ ਤੇ ਵਿਚਰਨ ਦੀ ਸ਼ੁਰੂਆਤ ਕਰਵਾਣੀ ਸੀ।

ਅੱਜ ਇਸ ਗੁਰਸਿਖ ਕਾਫਲੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਵ ਗੁਰਬਾਣੀ ਵਿਚ ਦਰਜ ਸਮੂਹ ਕਰਨ ਅਤੇ ਤਿਆਗਣ ਗੁਰੂ ਹੁਕਮਾਂ ਨੂੰ ਸੱਭ ਸਿਖਾਂ ਨੇ ਮੰਨਣਾਂ ਹੀ ਸਿਖ ਦੀ ਪ੍ਰੀਭਾਸ਼ਾ, ਪਹਿਚਾਣ ਅਤੇ ਰਹਿਤ ਮਰਯਾਦਾ ਹੈ ਅਤੇ ਇਸ ਅਨੁਸਾਰ ਹੀ ਇਸ ਗੁਰਸਿਖ ਕਾਫਲੇ ਵਲੋਂ, ਜਿਸ ਦੀ ਅਗਵਾਈ ਅੰਮ੍ਰਿਤਧਾਰੀ ਗੁਰਸਿਖ ਕਰ ਰਹੇ ਨੇ, ਸੰਸਾਰ ਤੇ ਵਿਚਰਨ ਦੀ ਸ਼ੁਰੂਆਤ ਕੀਤੀ ਹੈ। ਜਿਨਾਂ ਲਈ ਅੱਜ ਆਪਣੇ ਪਵਿਤ੍ਰ ਗੁਰਧਾਮਾਂ ਤੇ, ਆਪਣੇ ਧਰਮ ਅਤੇ ਪੰਥ ਤੇ ਕਾਬਜ, ਸਿਖ ਸਰੂਪ ਵਿਚ ਬਿਪਰਨ ਜੁਰਾਇਮ ਪੇਸ਼ਾ ਔਲਾਦ ਮਸੰਦ ਪੁਜਾਰੀ ਲਾਣੇ ਤੋਂ ਪੰਥ ਦੀ ਮੁਕਤੀ ਆਜਾਦੀ ਅਤੇ ਇਨਾਂ ਦੇ ਪਿਉ ਦਾਦੇ ਬਦੀ ਦੇ ਸਿਖਰ ਬਿਪਰਨ ਤਖਤ ਤੋਂ ਖਾਲਸੇ ਦੇ ਦੇਸ਼ ਦੀ ਆਜਾਦੀ ਲਈ ਸੰਘਰਸ਼ ਹੀ ਰਹਿੰਦੇ ਸਾਹਾਂ ਦਾ ਮੁਖ ਕਰਮ ਨਿਸ਼ਾਨ ਹੈ। ਜਿਨਾਂ **ਹੁਕਮਿ ਰਜਾਈ ਚਲਣਾ** ਹੋ ਤੁਰੇ ਮਨਾਂ ਹੁਣ ਮਸੰਦ ਪੁਜਾਰੀ ਲਾਣੇ ਤੋਂ ਅਤੇ ਬਿਪਰਨ ਦਿੱਲੀ ਤਖਤ ਤੋਂ ਆਪਣੇ ਪੰਥ ਅਤੇ ਪੰਥ ਦੇ ਦੇਸ਼ ਨੂੰ ਆਜਾਦ ਕਰਵਾਣ ਦੀ ਗੁਰੂ ਬਖਸ਼ਿਸ਼ ਜਿਮੇਵਾਰੀ ਨੂੰ ਨਿਸਚੇ ਹੀ ਜਿਤ ਨਾਲ ਨਿਭਾਕੇ ਫਿਰ ਹੀ ਪੂਰਨ ਰੂਪ ਇਕਾਗਤਾ ਨਾਲ ਗੁਰੂ ਕਰਤਾਪੁਰਖ ਚਰਨੀ ਜੁੜ ਸਕਣਾਂ ਹੈ, ਰਹਿ ਸਕਣਾਂ ਹੈ। ਜਿਸ ਨੇ ਆਪਣੀ ਗੁਰਸਿਖ ਪਵਿਤ੍ਰ ਕੁਖ ਅਤੇ ਬੂੰਦ ਨੂੰ ਸਿਖ ਸਰੂਪ ਵਿਚ ਬਿਪਰਣ ਦੀ ਜੁਰਾਇਮ ਪੇਸ਼ਾਂ ਮਹਾਂ ਪਾਪੀ ਮਸੰਦ ਦੁਸ਼ਟ ਲਾਣੇਂ ਤੋਂ ਵੱਖ ਕਰ ਲਿਆ ਹੈ। ਜਿਥੇ ਪਰਵਾਰਕ ਸੰਤਾਨ ਗਰਿਸਤ ਸਬੰਧ, ਗੁਰਸਿਖ ਕਾਫਲੇ ਹੋ ਤੁਰੇ ਪ੍ਰਵਾਰਾਂ ਵਿਚਕਾਰ ਹੀ ਜੁੜ ਸਕਣੇਂ ਹਨ। ਗੁਰੂ ਆਸਰੇ ਬਾਬੇ ਤੋਂ ਪੋਤੇ ਤੱਕ ਆਉਦਿਆ ਜਨਮੋਂ ਮਿਲਿਓ ਬਿਪਰਨ ਰੀਤ ਪਤਿਤ ਸੁਭਾ ਗੇਨ ਪਦਾਰਥ ਨੂੰ ਪੀੜੀ ਦਰ ਪੀੜੀ ਪੁਨੀਤ ਕਰਦਾ ਜਾਵੇਗਾ। ਪੀੜੀ ਦਰ ਪੀੜੀ ਸਿਖ ਸੰਤਾਨ ਬਲਵਾਨ ਬੁਧ ਬਬੇਕ, ਗੁਰੂ ਨੂੰ, ਪੰਥ ਨੂੰ ਡਾਢਾ ਪਿਆਰ ਕਰਨ ਵਾਲੀ, ਇਨਾਂ ਦੀ ਸੇਵਾ ਲਈ ਗੁਰੂ ਦਾ ਹੁਕਮ ਰਜਾ ਜਾਣ ਸਭ ਕੁਝ ਬਿਨਾਂ ਮੰਗੇ ਖੁਸ਼ੀ ਖੁਸ਼ੀ ਸਭ ਕੁਝ ਕੁਰਬਾਨ ਕਰ ਦੇਣ ਵਾਲੀ।

ਇਸ ਗੁਰਸਿਖ ਕਾਫਲੇ ਵਲੋਂ, ਖਾਲਸਾ ਪੰਥ ਨੂੰ ਗੁਰੂ ਗਿਆਨ ਦੀ ਬਖਸ਼ਿਸ ਦਾਤ, ਗੁਰਮਤਿ ਸੱਚ ਨੂੰ ਸ਼ਰਿਸ਼ਟੀ ਦੀ ਅਸਲ ਸ਼ੁਰੂਆਤ ਤੋਂ ਹੁਣ ਤੱਕ ਗੁਰੂ ਆਸਰੇ ਕਲਮਬੰਦ ਕਰਨ ਅਤੇ ਸੰਸਾਰ ਭਾਈਚਾਰੇ ਨਾਲ ਅਡੋਲ, ਬੇਖੌਫ ਸਾਂਝਾ ਕਰਨ ਦੀ ਗੁਰੂ ਕੀਤੀ

ਜਿਮੇਵਾਰੀ ਨੂੰ ਵੀ ਨਿਭਾਉਣਾਂ ਹੈ। ਇਸ ਤੋਂ ਪਹਿਲੇ ਬਿਪਰਨ ਵਲੋਂ ਗੁਰੂ ਦਾ ਲੈਕੇ, ਉਸ ਤੋਂ ਨਕਲੀ ਜਾਹਲੀ ਤਿਆਰ ਕਰਕੇ ਗੁਰੂ ਦਸ਼ਮੇਸ਼ ਦੇ ਨਾਮ ਜਬਰੀ ਮੜੇ ਅਖੌਤੀ ਦਸਮ ਗ੍ਰੰਥ ਵਿਚੋਂ ਆਪਣੇ ਗੁਰੂ ਦੀ ਬਾਣੀ ਅਤੇ ਹੋਰ ਸੱਚੇ ਬਖਿਅਨ ਨੂੰ ਅੱਡ ਕਰਨਾਂ ਹੈ। ਜੋ ਆਪਜੀ ਨਾਲ, ਖਾਲਸਾ ਪੰਥ ਨਾਲ ਅਤੇ ਸੰਗਤ ਨਾਲ ਪਹਿਲੋਂ ਹੀ ਸਾਂਝਾ ਕੀਤਾ ਜਾ ਚੁੱਕਾ ਹੈ।

ਇਸ ਗੁਰਸਿਖ ਕਾਫਲੇ ਨੇ ਭਾਰਤ ਦੀਆਂ ਅਤੇ ਸੰਸਾਰ ਦੀਆਂ ਆਜਾਦੀ ਮੰਗਦੀਆਂ ਕੌਮਾਂ ਨਾਲ ਉਨ੍ਹਾਂ ਦੀ ਅਤੇ ਆਪਣੀ ਆਜਾਦੀ ਲਈ ਖੜਨਾਂ ਹੈ। ਸੰਸਾਰ ਦੇ ਹੁਕਮਰਾਨਾਂ ਵਲੋਂ ਅਮੀਰ ਅਤੇ ਗਰੀਬ ਵਿਚ ਵਧਾਏ ਜਾ ਰਹੇ ਪਾੜੇ ਨੂੰ ਰੋਕਣ ਲਈ ਯਤਨਸ਼ੀਲ ਰਹਿਣਾਂ ਹੈ ਅਤੇ ਇਹ ਪਾੜਾ ਰੋਕਣ ਅਤੇ ਘਟਾਉਣ ਲਈ ਭਾਰਤ ਦੇ, ਸੰਸਾਰ ਤੇ ਸੰਘਰਸ਼ਮਈ ਨਿਆਕਾਰੀ ਲੋਕਾਂ, ਕੌਮਾਂ ਅਤੇ ਦੇਸ਼ਾਂ ਨਾਲ ਖੜਨਾਂ ਹੈ। ਪੰਥਕ ਏਕਤਾ ਦੇ ਬਲਵਾਨ ਨਿੱਜ ਬਲ ਦਆਰਾ ਪ੍ਰਚੰਡ ਕੀਤੇ ਸਿਖ ਸੰਘਰਸ਼ ਨਾਲ ਸੰਸਾਰ ਚਾਲਕ ਸੰਸਥਾਵਾਂ ਅਤੇ ਹਕੂਮਤਾਂ ਨੂੰ ਲਈ ਇਹ ਪੈਗਾਮ ਬਣਨਾਂ ਹੈ ਕਿ ਅੱਜ ਸਾਡੇ ਗੁਰਧਾਮਾਂ, ਧਰਮ ਅਤੇ ਪੰਥ ਤੇ ਕਾਬਜ ਸਿਖ ਸਰੂਪ ਬਿਪਰਣ ਦੀ ਔਲਾਦ ਖਾਲਸਾ ਪੰਥ ਦੀ ਨੁਮਾਇੰਦਗੀ ਨਹੀਂ ਕਰਦੀ। ਸਗੋਂ ਗੁਰਸਿਖ ਕਾਫਲੇ ਦੇ ਨਾਮ ਥੱਲੇ ਇਕੱਤਰ ਗੁਰਸਿਖ ਹੀ ਖਾਲਸਾ ਪੰਥ ਦੀ ਅਗਵਾਈ, ਨੁਮਾਇੰਦਗੀ ਕਰਨ ਵਾਲੇ ਨੇ।

ਇਹ ਹੈ ਗੁਰਸਿਖ ਕਾਫਲਾ ਜਿਸ ਵਲੋਂ ਸਿਖ ਅਸਿਖ ਹਰ ਜਾਤ ਅਭਿਮਾਨੀ ਦੇ ਸਾਥ ਅਤੇ ਰੀਸ ਦੀ ਸਲਾਹ ਨੂੰ, ਜਿਵੇਂ ਸਾਡੇ ਗੁਰੂ ਲੱਤ ਮਾਰੀ, ਠੁਕਰਾਇਆ, ਦਫਾ ਹੋ ਕਿਹਾ, ਇਵੇਂ ਹੀ ਹਰ ਸਿਖ, ਅਸਿਖ ਜਾਤ ਅਭਿਮਾਨੀ ਨੂੰ ਦਫਾ ਹੋ ਕਹਿਕੇ, ਬਿਪਰਨ ਬ੍ਰਾਹਮਣ ਵਲੋਂ ਚੌਥੇ ਆਖਰੀ ਦਰਜੇ ਦੇ ਨੀਚ, ਸ਼ੂਦਰ ਐਲਾਨ ਹੋਇਆਂ ਹੈ, ਜੋ ਅੱਜ ਖੁਦ ਨੂੰ ਦਲਤ ਸਮਾਜ ਸਦਾ ਰਹੇ ਨੇ, ਨੂੰ ਆਪਣੀ ਗਲਵੱਕੜੀ ਵਿਚ ਲੈਕੇ, ਇਨਾਂ ਵਿਚ, ਇਨਾਂ ਨਾਲ ਹੋਣ ਦਾ ਐਲਾਨ ਕੀਤਾ ਹੋਇਆ ਹੈ। ਜਿਨਾਂ ਦਾ, ਸਾਡਾ ਸ਼ਬਦ ਗੁਰੂ, ਸਤਿਗੁਰੂ ਨੇ ਸਾਂਝਾ ਕੀਤਾ ਹੋਇਆ ਹੈ। ਸਾਡੀ ਇਕ ੴ ਕਰਤਾਪੁਰਖ ਨਾਲ ਪ੍ਰੀਤ ਸਾਂਝੀ ਕੀਤੀ ਹੋਈ ਹੈ। ਜਿਸ ਦੇ ਹੱਥ ਬੱਸ ਕਿਸੇ ਨੂੰ ਸ਼ਕਲੋਂ ਸਿਖ ਦਿਖਾਕੇ ਮਣੋਂ ਅਸਿਖ ਕਰੀ ਰੱਖਣਾਂ ਹੈ। ਕਿਸੇ ਨੂੰ ਸ਼ਕਲੋਂ ਦਿਸਦਾ ਸਿਖ ਕਰਨੋਂ ਪਹਿਲਾਂ ਮਨੋਂ ਸਿਖ ਕਰਨ ਤੋਰੀ ਰੱਖਣਾਂ ਹੈ। ਕਿਸੇ ਨੂੰ ਸ਼ਕਲੋਂ ਤੇ ਮਨੋਂ ਆਪਣਾ ਸਿਖ ਕਰਕੇ ਆਪਣੇ ਨਾਲ ਪੱਕੀ ਗੰਢ ਪਾਕੇ ਮਹਾਂਨਿਰਬਾਣ ਤੱਕ ਆਪਣੇ ਵਿਚ ਸਮਾਈ ਲਈ ਜੋੜੀ ਰੱਖਣਾਂ ਹੈ।

ਐ ਖੁਦ ਨੂੰ ਦਲਤ ਸਮਾਜ ਸਦਾ ਰਹੇ ਵੀਰੋ, ਆਪਜੀ ਨੇ ਭਾਰਤ ਦੇ ਬਿਪਰਨ ਬ੍ਰਾਹਮਣ ਵਲੋਂ ਧਰਮ ਦੇ ਨਾਮ ਉੱਤੇ ਸੰਸਾਰ ਦੀ ਸਿਖਰ ਘਿਨਾਉਣੀ, ਅਪਾਰਥਾਇਡ ਮੰਨੂ ਸਿਮਰਤੀ ਵਲੋਂ ਚੌਥੇ ਦਰਜੇ ਦੇ ਨੀਚ ਕਰਾਰ ਦਿੱਤੇ ਆਪਣੇ ਵਰਗ ਨੂੰ ਦਲਤ ਸਮਾਜ ਦਾ ਨਾਮ ਦਿੱਤਾ ਹੈ। ਜੋ ਸਿਖਰ ਘਿਨਾਉਣੀ, ਬ੍ਰਾਹਮਣ ਦੀ ਅਪਾਰਥਾਇਡ ਮੰਨੂ ਸਿਮਰਤੀ, ਇਕ ਪਿਤਾ ਅਤੇ ਪੂਰੀ ਮਨੁਖ ਜਾਤੀ ਇਕ ਪਿਤਾ ਦੀ ਇਕ ਭਾਈ ਸੰਤਾਨ, ਪ੍ਰਵਾਰ ਅਤੇ ਇਸ ਪਰਵਾਰ ਵਿਚ ਜਨਮੋਂ ਹੀ ਸੱਭ ਬਰਾਬਰ ਇਨਸਾਨ ਅਤੇ ਬਰਾਬਰ ਹੱਕਾਂ ਦੇ ਮਾਲਕ, ਪਵਿਤ੍ਰ ਸੱਚ ਅਤੇ ਅਸੂਲ ਨੂੰ ਨਾ ਸਵਿਕਾਰਦੀ, ਇਸ ਦੇ ਖਿਲਾਫ ਖੜਦੀ, ਇਨਸਾਨ ਨੂੰ ਧਰਮ ਦੇ ਨਾਮ ਉਤੇ ਉਚ ਨੀਚ ਵਿਚ ਵੰਡਦੀ ਹੈ। ਜਿਸ ਨੂੰ ਖਾਲਸਾ ਪੰਥ ਨਿੰਦਦਾ ਹੈ, ਨਿਕਾਰਦਾ ਹੈ, ਇਸ ਦੇ ਖਿਲਾਫ ਖੜਦਾ ਹੈ। ਪਰ ਇਸ ਨੂੰ ਕਦੇ ਵੀ ਸਵਿਕਾਰਦਾ ਨਹੀ। ਪਰ ਆਪਜੀ ਨੂੰ ਦਲਤ ਸਮਾਜ ਦੇ ਨਾਮ ਨਾਲ ਸੰਬੋਧਨ ਹੋਣਾਂ, ਬਿਪਰਨ ਦੀ ਅਪਾਰਥਾਇਡ ਅੱਗੇ ਗੋਡੇ ਟੇਕ ਦੇਣੇ ਹਨ। ਇਸ ਲਈ ਗਰੁਸਿਖ ਕਾਫਲੇ ਨੇ ਖਾਲਸਾ ਪੰਥ ਦੀ ਤਰਫੋਂ ਆਪਜੀ ਦੇ ਨਾਮ ਦਲਤ ਸਮਾਜ ਨੂੰ **ਪੰਥ ਅਟੁੱਟ ਅੰਗ** ਨਾਮ ਦੇ ਦਿੱਤਾ ਹੈ ਅਤੇ ਭਵਿਖ ਵਿਚ ਵੀ ਇਸੇ ਹੀ **ਪੰਥ ਅਟੁੱਟ ਅੰਗ** ਨਾਮ ਨਾਲ ਆਪਜੀ ਨੂੰ ਸੰਬੋਧਨ ਗਰੁਸਿਖ ਕਾਫਲੇ ਵਲੋਂ ਸੰਬੋਧਨ ਹੋਇਆ ਜਾਵੇਗਾ।

ਨਾਮ **ਦਲਤ ਸਮਾਜ** ਬ੍ਰਾਹਮਣ ਪਾਂਡੇ ਵਲੋਂ ਸੱਭ ਤੋਂ ਨੀਚ ਕਰਾਰ ਦਿੱਤੇ ਹੋਏ ਚੌਥੇ ਵਰਗ ਸ਼ੂਦਰਾਂ ਦੇ ਸੰਗਠਨ ਲਈ ਵਰਤਿਆ ਹੋਣ ਕਰਕੇ, ਖਾਲਸਾ ਪੰਥ ਲਈ ਸਾਡੇ **ਪੰਥ ਅਟੁੱਟ ਅੰਗ** ਦਾ, ਬਿਪਰਨ ਦੀ ਅੱਖ ਵਿਚ ਚੁੱਭਦਾ ਰਹਿਣ ਲਈ ਵਾਲੇ ਬਣ ਚੁਕੇ ਤੀਰ ਦੇ ਪ੍ਰਤੀਕ ਵਜੋਂ ਹੈ ਕਿ ਐ ਸਾਨੂੰ ਨੀਚ ਕਰਾਰ ਦੇਕੇ ਸਾਥੋਂ ਅਪਣੀਂ ਗੁਲਾਮੀ, ਸਾਡਾ ਕਿਰਤ ਕਰਮ ਕਰਕੇ ਸਾਡੇ ਉਤੇ ਧਰਮ ਦੇ ਨਾਮ ਉਤੇ ਤੇ ਹੁਣ ਤੱਕ ਹਰ ਜਬਰ ਜ਼ੁਲਮ ਕਰਦੇ ਆ ਰਹੇ ਇਨਸਾਨ ਜਾਤੀ ਦੇ ਮਹਾਦੋਸ਼ੀ ਅਕ੍ਰਿਤਘਣ ਬਿਪਰਣ, ਅਸਾਂ ਤੇਰੀ ਮੁਦਤੋਂ ਗੁਲਾਮੀ ਦੀ ਲਾਹਣਤ ਨੂੰ ਲਾਹ ਦੇਣ ਲਈ ਹੁਣ ਖੁਦ ਨੂੰ ਦਲਤ ਸਮਾਜ ਨਾਮ ਥੱਲੇ ਸੰਗਠਨ ਕਰ ਲਿਆ ਹੈ।

ਆਪਜੀ ਵਲੋਂ ਬਿਪਰਨ ਦੇ ਸ਼ੂਦਰ ਕਰਾਰ ਦਿੱਤੇ ਵਰਗ ਨੂੰ ਦਲਤ ਸਮਾਜ ਨਾਮ ਥੱਲੇ, ਬਿਪਰਨ ਦੀ ਕੀਤੀ ਨੂੰ ਅਨਜਾਣੇ ਸਵਿਕਾਰ ਕਰੀ ਰੱਖਣ ਨਾਲ ਖੁਦ ਤੋਂ ਹੀ ਇਕ ਪਿਤਾ ਤੇ ਬਰਾਬਰ ਸੱਭ ਇਨਸਾਨ ਭਾਈ ਦੇ ਪਵਿਤ੍ਰ ਅਸੂਲ ਤੇ ਚਲਣੋਂ ਇਨਕਾਰੀ ਹੋ ਜਾਣ ਦਾ ਪ੍ਰਤੀਕ ਵੀ ਹੈ। ਜੋ ਅੱਜ ਬਰਕਰਾਰ ਹੈ ਤਾਂ ਬਿਪਰਨ ਵਲੋਂ ਸਦੀਆਂ ਤੋਂ ਖਾਲਸਾ ਪੰਥ ਅਤੇ **ਪੰਥ ਅਟੁੱਟ ਅੰਗ** ਵਿਚਕਾਰ ਏਕਤਾ ਤੋਂ ਰੋਕਣ ਲਈ ਖੜੀਆਂ ਕੀਤੀਆਂ ਹੋਈਆਂ ਮਜਬੂਤ ਭਾਰੀਆਂ ਦੀਵਾਰਾਂ ਨੂੰ ਖਾਲਸਾ ਪੰਥ ਵਲੋਂ ਨਾ ਉਡਾ ਸਕਣ ਕਰਕੇ ਹੈ। ਜਿਸ ਦੀ ਅੱਜ ਖਿਮਾਂ ਇਹ ਗੁਰਸਿਖ ਕਾਫਲਾ ਅਪਣੇ ਪੰਥ ਵਲੋਂ ਅਪਣੇ ਪਿਆਰੇ **ਪੰਥ ਅਟੁੱਟ ਅੰਗ** ਤੋਂ ਮੰਗਦਾ

ਹੈ ਅਤੇ ਆਪਜੀ ਨੂੰ ਆਪਣੇ ਪੰਥ ਵਲੋਂ ਬਚਨ ਦੇਂਦਾ ਹੈ ਕਿ ਇਕੋ ਗੁਰੂ ਦੇ ਦੋ ਪਿਆਰਿਆਂ ਭਾਈਆਂ ਵਿਚ ਵਿਚਕਾਰ, ਮਿਲਾਪ ਨੂੰ ਰੋਕਦੀ ਪਹਿਲੀ ਭਾਰੀ ਮਜਬੂਤ ਦੀਵਾਰ: ਇਕ ਪਿੰਡ, ਨਗਰ, ਸ਼ਹਿਰ ਦੋਹਾਂ ਦੇ ਆਪਣੇ ਆਪਣੇ ਵੱਖਰੇ ਉਸਰ ਚੁੱਕੇ ਗੁਰਦੁਆਰਿਆਂ ਦੀ ਥਾਂ, ਆਪਾਂ ਸਭਨਾਂ ਲਈ ਇਕ ਗੁਰਦੁਆਰਾ ਇਕ ਪਿੰਡ, ਨਗਰ, ਸ਼ਹਿਰ ਕਰਦਿਆਂ, ਦੋਹਾਂ ਦੀ ਏਕਤਾ ਦੇ ਨਾਲ ਇਕ ਪਿਤਾ ਦੀ ਇਕ ਇਨਸਾਨ ਜਾਤ, ਸੰਤਾਨ ਪ੍ਰਵਾਰ ਸੰਗਤ ਸਮਾਜ ਦੀ ਸਿਰਜਨਾਂ, ਆਪਾਂ ਦੋਵੇਂ ਭਾਈਆਂ ਮਿਲਕੇ ਕਰਨੀ, ਆਪਾਂ ਦੋਵੇਂ ਭਾਈਆਂ ਲਈ ਆਪਣੇ ਇਕੋ ਸਾਂਝੇ ਗੁਰੂ ਦਾ ਹੁਕਮ ਫੁਰਮਾਨ ਹੈ ਅਤੇ ਗੁਰੂ ਆਸਰੇ ਬਖਸ਼ਿਸ਼ ਇਸ ਗੁਰੂ ਹੁਕਮ ਫੁਰਮਾਨ ਦੀ ਪੂਰਤੀ ਦੇ ਸੁਭਾਗੇ ਦਿਨ ਤੱਕ ਲਈ ਹੀ ਅੱਜ ਆਪਜੀ ਦਲਤ ਸਮਾਜ ਨੂੰ ਭਵਿਖ ਵਿਚ ਸੰਬੋਧਨ ਹੋਣ ਲਈ ਗੁਰੂ ਬਖਸ਼ਿਸ਼ ਖਾਲਸਾ ਪੰਥ ਵਲੋਂ ਉਚਾਰਿਆ ਜਾਣ ਵਾਲਾ **ਪੰਥ ਅਟੁੱਟ ਅੰਗ** ਨਾਮ ਖਤਮ ਹੋ ਜਾਣਾਂ ਹੈ ਅਤੇ ਆਪਾਂ ਮਾਨਸ ਦੀ ਇਕ ਭਾਈ ਸੰਤਾਨ ਪ੍ਰਵਾਰ ਅਮਲੀਂ ਰੂਪ ਹੋ ਜਾਣਾਂ ਹੈ।

ਐ ਖੁਦ ਲਈ ਨਾਮ ਦਲਤ ਸਮਾਜ ਚੁਣ, ਭਾਰਤ ਅਤੇ ਸੰਸਾਰ ਵਿਚ ਵਿਚਰ ਰਹੇ ਸਾਡੇ **ਪੰਥ ਅਟੁੱਟ ਅੰਗ** ਜੀਉ, ਜੇ ਆਪਜੀ ਵਲੋਂ ਬਿਪਰਨ ਦੇ ਐਲਾਨੇ ਨੀਚ ਸ਼ੂਦਰ ਵਰਗ ਨਾਲ ਦਲਤ ਸਮਾਜ ਨਾਂ ਜੁੜ ਹੀ ਗਿਆ ਹੈ ਤਾਂ ਗੁਰਬਾਣੀ ਅਨੁਸਾਰ ਦਲਤ ਸਮਾਜ ਦੀ ਸੰਭਵ ਬਣੀ ਪ੍ਰੀਭਾਸ਼ਾ ਅਨੁਸਾਰ ਗੁਰਸਿਖ ਕਾਫਲੇ ਵਲੋਂ ਦਿੱਤੇ ਜਾਣੇ ਵਾਲੇ ਪਹਿਰੇ ਤੋਂ ਆਪਜੀ ਨੂੰ ਅਤੇ ਆਪਣੇ ਪੰਥ ਨੂੰ ਜਾਣੂੰ ਕਰਵਾਦੇ ਹਾਂ ਕਿ ਅਸਾਂ ਗੁਰੂ ਨਿਮਾਣੇ, ਨਿਤਾਣੇ ਲਾਲੋ ਗੁਰਸਿਖ ਕਾਫਲੇ ਲਈ ਅੱਜ ਤੋਂ **ਦਲਤ ਸਮਾਜ** ਨਾਮ ਬਿਪਰਨ ਅਕ੍ਰਿਤਘਣ ਵਲੋਂ ਨੀਚ ਸ਼ੂਦਰ ਐਲਾਨੇ ਹੋਏ ਵਰਗ ਲਈ ਵਰਤਣ ਨੂੰ ਨਹੀਂ ਹੈ। ਅੱਜ ਤੋਂ ਦਲਤ ਜਾਂ ਦਲਤ ਸਮਾਜ ਹਰਫ ਦੇ ਅਰਥ ਉਸ ਸਿਖ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਸ਼ਕਲੋਂ ਅਸਿਖ ਸੂਰਤ ਇਨਸਾਨ ਸ਼ਰਧਾਲੂਆਂ ਅਤੇ ਸ਼ਰਧਾਲੂ ਇਨਸਾਨਾਂ ਦਾ ਸੰਗਠਨ ਸਮਾਜ ਹੈ ਜਿਸ ਸ਼ਰਧਾਲੂ, ਸ਼ਰਧਾਲੂ ਸੰਗਠਨ ਸਮਾਜ ਨੇ ਸ਼ਰਧਾਲੂ ਤੋਂ ਸੇਵਕ, ਸੇਵਕ ਤੋਂ ਸਿਖ ਹੋਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਅਤੇ ਇਸ ਨੂੰ ਆਪਣਾਂ ਗੁਰੂ ਅਪਣਾਕੇ ਵਿਚਰ ਰਹੇ ਖਾਲਸਾ ਪੰਥ ਨਾਲ, ਜੇ ਇਸ ਆਪਣੇ ਦਰ ਦਾ, ਘਰ ਦਾ ਚੰਗਾ ਨਹੀਂ ਤਾਂ ਕਦੇ ਮੰਦਾਂ ਵੀ ਨਾ, ਭੈਅ ਸਤਿਕਾਰ ਕਰਮਾਂ ਦੁਆਰਾ ਜੁੜਿਆ ਹੋਇਆ ਹੈ। ਇਸ ਅਰਥ ਦਲਤ, ਦਲਤ ਸਮਾਜ ਨੂੰ ਖਾਲਸਾ ਪੰਥ ਵਲੋਂ ਭਵਿਖ ਵਿਚ **ਪੰਥ ਅਟੁੱਟ ਅੰਗ** ਜੀਉ ਸੰਬੋਧਨ ਨਾਮ ਨਾਲ ਉਚਾਰਨ ਦਾ ਫੈਸਲਾ ਲਿਆ ਗਿਆ ਹੈ। ਇਹ ਫੈਸਲਾ ਜੋ ਗੁਰਬਾਣੀ ਫੁਰਮਾਣ ਕਰਦਾ, ਸਭ ਦੀ ਜਾਣੀਕਾਰੀ ਲਈ ਇਹ ਹੈ:

ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ ॥ ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ ॥ (ਪੰਨਾ 1365)

ਐ ਖੁਦ ਲਈ ਨੂੰ ਦਲਤ ਸਮਾਜ ਕਹਾਉਣ, ਪਰ ਸਾਡੇ ਲਈ ਸਾਡੇ **ਪੰਥ ਅਟੁੱਟ ਅੰਗ** ਜੀਉ, ਇਹ ਗੁਰਸਿਖ ਕਾਫਲਾ ਆਪਜੀ ਨੂੰ ਇਹ ਸੱਚ ਨਿਮਰਤਾ ਸਹਿਤ ਯਾਦ ਦਿਲਾਉਂਦਾ ਕਿ ਸ਼ਹੀਦ ਸੂਰੇ ਸਿਖ ਸੰਤ, ਭਗਤ ਖਾਲਸੇ ਜਰਨੈਲ ਸਿੰਘ ਜੀ ਭਿੰਡਰਾਂ ਵਾਲਿਆਂ ਵਲੋਂ ਉਨਾਂ ਨੂੰ ਮਿਲਣ ਆਏ ਹਰ ਅਸਿਖ ਸੂਰਤ **ਪੰਥ ਅਟੁੱਟ ਅੰਗ** ਪ੍ਰਾਣੀ ਨੂੰ ਗੁਰੂ ਦੇ ਸਿੰਘਾਂ ਨੂੰ ਗਲਵੱਕੜੀ ਵਿਚ ਲੈਣ ਵਾਂਗਰ ਹੀ ਬਿਨਾਂ ਕਿਸੇ ਭੇਦ ਭਾਵ, ਗਲਵੱਕੜੀ ਵਿਚ ਲੈਂਦਿਆਂ, ਗੁਰਸਿਖਾਂ ਬਰਾਬਰ ਸਤਿਕਾਰ ਦੇਂਦੇ ਸਨ। ਆਪਜੀ ਉਨਾਂ ਦੀਆਂ ਮੋਨੇ ਸਿਰਾਂ ਤੇ ਰੁਮਾਲ ਬੰਨੀਂ, ਉਨਾਂ ਦੀ ਗੋਦ ਵਿਚ ਬੈਠੇ **ਪੰਥ ਅਟੁੱਟ ਅੰਗ** ਬੱਚਿਆਂ ਦੀਆਂ ਮਾਜੂਦ ਤਸਵੀਰਾਂ ਨੂੰ ਵੇਖ ਸਕਦੇ ਹੋ।

ਐ ਸਾਡੇ, ਸਾਡੇ ਗੁਰੂ ਪਿਆਰੇ, ਸਾਡੇ ਪੰਥ ਪਿਆਰੇ **ਪੰਥ ਅਟੁੱਟ ਅੰਗ** ਵੇਖ, ਆਪਣੇ ਦਿਆਲੂ ਸ਼ਬਦ ਗੁਰੂ ਨੇ ਤਾਂ ਉਸ ਦੁਬਿਧਾ ਛੱਡ, ਇਕ ਸਤਿਗੁਰੂ ਨਾਨਕ ਦਰ, ਘਰ ਨਾਲ ਪ੍ਰੀਤ ਕਰਨ ਵਾਲੇ ਨੂੰ ਵੀ ਜੇ ਚਾਹੇ ਤਾਂ ਆਪਣੇ ਗਿਅਨ ਦੀ ਬਖਸ਼ਿਸ਼, ਆਪਣੇ ਸਿਖ ਬਰਾਬਰ ਰੱਖੀ ਹੋਈ ਹੈ। ਹਾਂ ਸਿਰਫ ਤੇ ਸਿਰਫ ਕਰਤੇ ਦੇ ਅਨਮੋਲ ਨਾਮ ਦੀ ਦਾਤ, ਖਾਲਸਾ ਪੰਥ ਵਲੋਂ ਅੰਮ੍ਰਿਤ ਦੀ ਦਾਤ ਦੁਆਰਾ ਗੁਰੂ ਦਾ ਸਿਖ ਹੋ ਚੁੱਕੇ ਦੀ ਹੀ ਇਮਾਨਤ, ਸਤਿਗੁਰੂ ਬਖਸ਼ਿਸ਼, ਅਕਾਲ ਪੁਰਖ ਬਖਸ਼ਿਸ਼ ਸਿਖ ਹੋਏ ਨੂੰ ਹੀ ਨਸੀਬ ਹੋ ਸਕਦੀ ਹੈ।

ਇਹ ਗੁਰਸਿਖ ਕਾਫਲਾ ਉਨਾਂ ਸਿਖ ਸਰੂਪ, ਦਸਤਾਰਧਾਰੀ ਪ੍ਰਾਣੀ ਵੀਰਾਂ ਨੂੰ, ਜਿਨਾਂ ਨੂੰ ਗੁਰਬਾਣੀ ਅਨੁਸਾਰ ਸੇਵਕ ਤਾਂ ਉਚਾਰਿਆ ਜਾ ਸਕਦਾ ਹੈ ਪਰ ਸਹਿਜਧਾਰੀ ਸਿਖ ਨਹੀਂ ਅਤੇ ਜਿਨਾਂ ਸੇਵਕਾਂ ਨੇ ਜੇ ਖੁਦ ਨੂੰ ਸਿਖ ਸਦਾਉਣਾਂ ਹੈ ਤਾਂ ਅੰਮ੍ਰਿਤ ਦੀ ਦਾਤ ਨਾਲ ਹੀ ਸਿਖ ਸਦਵਾ ਸਕਣਾਂ ਹੈ, ਨੂੰ ਅਪੀਲ ਬੇਨਤੀ ਕਰਦੇ ਹੋਏ ਇਸ ਗੁਰਮਤਿ ਸੱਚ ਤੋਂ ਜਾਣੂੰ ਕਰਵਾਂਉਂਦਾ ਹੈ ਕਿ ਆਪਜੀ ਵਲੋਂ ਸਿਖ ਸਰੂਪ ਦਸਤਾਰਧਾਰੀ ਹੋ ਸ਼ਕਲੋਂ ਸਿਖ ਹੋ ਵਿਚਰਨਾਂ ਕੁਝ ਮਹੀਨੇ, ਸਾਲ ਖੰਡ ਹੀ ਗੁਰੂ ਕਰਤੇ ਨੂੰ ਨਿਆ ਮਨਜੂਰ ਹੋ ਸਕਦਾ ਹੈ, ਜਦੋਂ ਇਨਸਾਨ ਨੇ ਬਿਨਾਂ ਗੁਰੂ ਦਾ ਹੋਇਆਂ ਹੀ ਸਿਖ ਸਰੂਪ ਦੁਆਰਾ ਸਹਿਜਸੁਭਾ ਹੀ ਖੁਦ ਨੂੰ ਸੰਸਾਰ ਲਈ ਗੁਰੂ ਨਾਲ ਜੋੜ ਲਿਆ ਕਰ ਲਿਆ ਹੈ। ਸ਼ਕਲੋਂ ਸਿਖ ਹੋਣ ਮਗਰੋਂ ਅੰਮ੍ਰਿਤ ਦੀ ਦਾਤ ਬਿਨਾਂ ਬਹੁਤੀ ਦੇਰ ਇਸ ਸਿਖ ਸਰੂਪ ਨਾਲ ਗੁਰੂ ਵਲੋਂ ਜੋੜੀ ਜਿਮੇਵਾਰੀ ਤੋਂ ਮਨਭਾਏ ਛੁਟਕਾਰੇ ਲਈ ਭਜਦੇ ਰਹਿਣਾਂ, ਕੋਈ ਕਮਜੋਰੀ ਹੈ ਜੋ ਗੁਰੂ ਨਾਲ ਅਨਿਆ ਹੈ। ਸੋ ਸੇਵਕ ਵੀਰੋ ਗੁਰੂ ਦੇ ਸਿਖ ਹੋਣ ਨਾਲ ਜੋੜਦਾ ਸਿਖ ਸਰੂਪ ਲੋੜੋਂ ਵੱਧ, ਬਿਨਾਂ ਅੰਮ੍ਰਿਤ ਹੀ ਵਿਚਰਦੇ ਰਹਿਣ ਦੀ ਥਾਂ ਸਿਖ ਸਰੂਪ ਧਾਰਨ ਕਰਨ ਮਗਰੋਂ

ਜਰੂਰੀ ਲੋੜੀਦਾ ਸਮਾਂ ਹੀ ਲੈਣਾਂ, ਇਸ ਲਏ ਸਮੇਂ ਇਕ ਅੰਮ੍ਰਿਤਧਾਰੀ ਸਿਖ ਵਾਲੀਆਂ ਹੀ ਨੈਤਿਕ ਜਿੰਵੇਵਾਰੀਆਂ ਸਿਰ ਲੈਣ ਅਤੇ ਲੋੜੀਦੇ ਘੱਟੋਘੱਟ ਸਮੇ ਮਗਰੋਂ ਅੰਮ੍ਰਿਤ ਦੀ ਦਾਤ ਦੁਆਰਾ ਗੁਰੂ ਦੇ ਸਿਖ ਹੋ ਅੱਜ ਬਣਦੀ ਪੰਥ ਲਈ ਜ਼ਿਮੇਵਾਰੀ ਅਸਲ ਗੁਰ ਕੀ ਸੇਵਾ, ਗੁਰੂ ਦੇ ਆਪਣੇ ਪੰਥ ਦੀ ਸੇਵਾ ਲਈ ਗੁਰਸਿਖ ਕਾਫਲੇ ਨਾਲ, ਖਾਲਸਾ ਪੰਥ ਦੀ ਆਜਾਦੀ ਲਈ ਨਾਲ ਸਿਰ ਜੋੜਨ ਦੀ, ਖਾਲਸਾ ਪੰਥ ਵਲੋਂ ਅਪੀਲ ਬੇਨਤੀ ਕਰਦੇ ਹਾਂ।

ਇਹ ਹੈ ਗੁਰਸਿਖ ਕਾਫਲਾ ਜਿਸ ਲਈ ਸਰਿਸ਼ਟੀ ਦੇ, ਸਰਿਸ਼ਟੀ ਵਿਚ ਜੀਵ ਜੰਤੂ, ਇਨਸਾਨ ਅਤੇ ਪਵਿਤ੍ਰ ਨਾਮ ਇਨਸਾਨ ਸੰਗਠਨ ਖਾਲਸਾ ਪੰਥ ਦੇ ਸਿਰਜਨਾਤਮਕ ਇਕ, ਜਿਸ ਇਕ ਅਧੀਨ ਇਹ ਸੰਸਾਰ ਖੇਡ ਹੋ ਰਹੀ ਹੈ, ਉਸ ਨਿਰਾਕਾਰ ਸ਼ਕਤੀ ਰੱਬ ਅਕਾਲ ਪੁਰਖ ਦਾ ਇਕੋ ਇਕ ਹੋ ਸਕਦਾ ਤਖਤ ਸ੍ਰੀ ਅਕਾਲ ਤਖਤ ਸਾਹਿਬ ਜੀ ਹਨ। ਜਿਵੇਂ ਬਿਪਰਨ ਵਲੋਂ ਪੰਥ ਨੂੰ ਮਾਨਸ ਦੀ ਜਾਤ ਨੂੰ ਇਕ ਮੰਨਣ ਦੇ ਗੁਰੂ ਹੁਕਮਾਂ ਦੀ ਪੂਰਤੀ ਤੋਂ ਬੇਮੁਖ ਕਰੀ ਰੱਖਣ ਲਈ ਆਪਣੀ ਚਾਲਕੀਆ ਚਾਲ ਦੁਆਰਾ ਸਿਖਾਂ ਦੇ ਹੀ ਮੂੰਹ ਵਿਚ, ਉਨਾਂ ਦੇ ਆਪਣੇ ਹੀ ਗੈਰ ਸਿਖ ਸੂਰਤ **ਪੰਥ ਅਟੁੱਟ ਅੰਗ** ਭਾਈ ਲਈ ਅਨਿਆਈ ਹੀ ਹਰਫ, ਪਤਿਤ-ਪਾਪੀ ਉਚਾਰ ਲਈ ਪੁਆ ਦਿੱਤਾ ਇਵੇਂ ਹੀ ਸਾਡੇ ਗੁਰੂ ਇਤਿਹਾਸ ਨਾਲ ਸਬੰਧਤ ਪਵਿਤ੍ਰ ਚਾਰ ਗੁਰਧਾਮਾਂ ਨੂੰ ਬਿਪਰਨ ਵਲੋਂ ਚਾਰ ਤਖਤਾਂ ਦੇ ਨਾਮ ਦੁਆਕੇ, ਇਕੋ ਅਕਾਲ ਪੁਰਖ ਦੇ ਇਕੋ ਤਖਤ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਵੰਡ ਅਤੇ ਬਰਾਬਰੀ ਲਈ ਚਾਰ ਸ਼ਰੀਕ ਤਖਤ ਹੋਰ ਪੈਦਾ ਕਰਕੇ ਸਿਖਾਂ ਨੂੰ ਆਨਜਾਣੇ ਉਨਾਂ ਦੇ ਹੀ ਇਕ ੴ ਅਤੇ ਉਸ ਦੇ ਇਕੋ ਇਕ ਤਖਤ ਦੇ ਸੱਚ ਨੂੰ ਮੰਨਣੋਂ ਆਕੀ, ਬਾਗੀ ਬੇਮੁਖ ਕਰਵਾ ਦਿੱਤਾ। ਇਸ ਚਾਣਕੀਆ ਚਾਲ ਦੁਆਰਾ ਸਿਖਾਂ ਨੂੰ ਉਨਾਂ ਦੇ ਗੁਰੂ ਤੋਂ ਦੂਰ ਹੀ ਦੂਰ ਕਰੀ ਰੱਖਣ ਦੀ ਅਤਿ ਘਿਨਾਉਣ ਕਾਰਾ ਕਰ ਦਿੱਤਾ। ਰੂੰਗੇ ਵਿਚ ਇਨਾਂ ਨਕਲੀ ਜਾਹਲੀ ਕਾਇਮ ਚਾਰ ਤਖਤਾਂ ਉਤੇ ਅਤੇ ਪੰਥ ਲਈ ਅਸਲੀ ਸ੍ਰੀ ਅਕਾਲ ਤਖਤ ਸਾਹਿਬ ਜੀ ਉਤੇ ਆਪਣੀ ਬਿਪਰਣ ਭਾਉਂਦੀ ਸਿਖ ਸਰੂਪ ਵਿਚ ਕੁਕਰਮੀ ਤੋਂ ਕੁਕਰਮੀ ਸੰਤਾਨ ਨੂੰ ਥਾਪਕੇ ਉਸ ਦੁਆਰਾ ਗੁਰੂ ਦੇ ਪ੍ਰਗਟਾਏ ਪਵਿਤ੍ਰ ਪਰਉਪਕਾਰ, ਨਰਵੈਰ ਇਨਸਾਨ ਕਿਰਦਾਰ ਸੰਗਨਨ ਖਾਲਸਾ ਪੰਥ ਉਤੇ ਆਪਣੇ ਗੁੱਝੇ, ਨਾ ਗੁੱਝੇ ਸ਼ੈਤਾਨ ਹੁਕਮ ਦੀ ਰਜਾ ਕਰਕੇ, ਪੰਥ ਤੇ ਰਾਜ ਕਰ ਰਿਹਾ ਹੈ।

ਇਸ ਗੁਰਸਿਖ ਕਾਫਲੇ ਲਈ ਗੁਰੂ ਮਾਨਿਓ ਗ੍ਰੰਥ ਦੇ ਅਰਥ, ਜਿਸ ਰੂਪ ਸਾਨੂੰ ਸਾਡੇ ਪੂਰਨ ਗੁਰੂ ਦਸ਼ਮੇਸ਼ ਪਿਤਾ ਜੀ ਖਾਲਸਾ ਪੰਥ ਨੂੰ ਸਪੁਰਦ ਕਰਕੇ ਗੁਰੂ ਮੰਨਣ ਦਾ ਗੁਰੂ ਨੇ ਹੁਕਮ ਕੀਤਾ ਸੀ, ਉਸ ਸਪੁਰਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੋਈ ਸਿਖ ਅਸਿਖ ਕਦੇ ਵੀ ਕੋਈ, ਕਿਸੇ ਵੀ ਤਬਦੀਲੀ ਲਈ ਆਪਣੇ ਕੁਕਰਮੀ ਹੱਥ ਨਹੀਂ ਲਗਾ ਸਕਦਾ ਹੈ। ਕੋਈ ਘਰ ਬੈਠਾ ਜਾਂ ਗੁਰਦੁਆਰੇ ਹੋਈਆਂ ਪਦਸ਼ੇਦ ਪੋਥੀਆਂ ਤੋਂ ਗੁਰਬਾਣੀ ਨੂੰ ਪੜ ਸਕਦਾ ਹੈ, ਸਬਦ ਤੇ ਖੋਜ ਲਈ ਸਹਾਇਤਾ ਲੈ ਸਕਦਾ ਹੈ।

ਪਰ ਖਾਲਸਾ ਪੰਥ ਨੂੰ ਪਹਿਲਾਂ ਵਾਂਗ ਹੀ ਸਪਸ਼ਟ ਕਰਦੇ ਨੇ ਕਿ ਸਾਡੇ ਲਈ ਕਿਸੇ ਵੀ ਗੁਰਦੁਆਰੇ ਵਿਚ ਸਿਰਫ ਤੇ ਸਿਰਫ ਗੁਰੂ ਵਲੋਂ ਬਖਸ਼ਿਸ਼ ਪਦ ਜੋੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਪ੍ਰਕਾਸ਼ ਹੋ ਸਕਦਾ ਹੈ। ਅਸੀਂ ਆਪਣੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਖਿਮਾਂ ਮੰਗਦੇ ਹਾਂ ਜੋ ਅਸੀਂ ਆਪਣੇਂ ਸਿਖ ਸਰੂਪ ਵਾਲਿਆਂ ਦੀ ਕੀਤੀ ਗੁਰੂ ਹਕਮਾਂ ਦੇ ਉਲਟ ਭਾਰੀ ਅਵੱਗਿਆ-ਗੁਰੂ ਵਲੋਂ ਦਿੱਤਾ, ਗੁਰੂ ਸਵਿਕਾਰਨ ਦੀ ਬਜਾਏ ਆਪਣੇ ਲਈ ਸੋਖਾ ਤਬਦੀਲ ਕਰ, ਗੁਰਦੁਅਰਿਆਂ ਵਿਚ ਪ੍ਰਕਾਸ਼ ਹੋਇਆ ਵੇਖ ਰਹੇ ਹਾਂ। ਪਰ ਇਸ ਅਵੱਗਿਆ ਦੀ ਸਾਕਤਾਂ ਤੋਂ ਸੋਧ ਨੂੰ ਕਰਵਾ ਸਕਣ ਤੋਂ ਅਸਮਰੱਥ ਹਾਂ। ਸਾਨੂੰ ਆਪਣੇ ਨਿਮਾਨਿਆਂ, ਨਿਤਾਨਿਆਂ ਅਪਣੇ ਸਿਖਾਂ ਨੂੰ ਸੱਭ ਸਮਰੱਥ ਜੀ, ਸਾਨੂੰ ਇਨਾਂ ਸਮਰੱਥ ਜਰੂਰ ਕਰੋ ਜੀ ਕਿ ਅਸਾਂ ਆਪਜੀ ਦੇ ਹੁਕਮਾਂ ਦੀ ਇਹ ਭਾਰੀ ਘੋਰ ਅਵੱਗਿਆ ਨੂੰ ਜਿੰਨੀ ਜਲਦੀ ਹੋ ਸਕੇ, ਸੋਧਕੇ, ਤੇਰੇ ਅੱਗੇ ਤੇਰੇ ਆਗਿਆਕਾਰ ਸਿਖਾਂ ਵਜੋਂ ਖੜ ਸਕੀਏ।

ਇਥੇ ਤੱਕ ਜੇ ਇਸ ਗੁਰਸਿਖ ਕਾਫਲੇ ਵਲੋਂ ਗੁਰੂ ਗਿਆਨ ਅਨੁਸਾਰ ਕਹਿਣੀ ਅਤੇ ਇਸ ਕਹਿਣੀ ਅਨੁਸਾਰ ਚੱਲਣ ਵਿਚ ਐ ਸਾਡੇ ਗੁਰੂ ਪਿਅਰਿਓ, ਸਾਡੇ ਪੰਥ ਪਿਅਰਿਓ ਆਪਜੀ ਨੂੰ ਕਿਤੇ ਗੁਰਮਤਿ ਅਨੁਸਾਰ ਰਹੀ ਕਮੀ, ਘਾਟ, ਕਮਜੋਰੀ, ਦੁਬਧਾ ਨਜਰ ਪਈ ਹੈ ਤਾਂ ਮੁੱਕੀਆਂ ਦੀ ਥਾਂ ਸਾਡੇ ਘਸੁੰਨ ਮਾਰਦੇ ਹੋਏ ਸਾਡੇ ਨਾਲ ਵਿਚਾਰਕੇ ਇਨਾਂ ਦੀ ਸੋਧ ਕਰੋ ਜੀ ਅਤੇ ਇਸ ਕਾਫਲੇ ਨਾਲ ਮਿਲਕੇ ਸਿਖ ਸੰਘਰਸ਼ ਦੀ ਵਾਗਡੋਰ ਅਗਵਾਈ ਸੰਭਾਲੋ ਜੀ। ਆਓਜੀ ਇਹ ਸੁਖ ਸਨੇਹਾ ਲੈਕੇ ਕਿ ਅਸੀਂ ਗੁਰਸਿਖ ਕਾਫਲੇ ਦੇ ਨਾਲ ਕਦਮ ਨਾਲ ਕਦਮ ਮਿਲਾਕੇ ਚੱਲਾਂਗੇ ਅਤੇ ਮਿਲ ਬੈਠੋ ਜੀ ਆਪਣੇ ਗੁਰਸਿਖ ਭਾਈਆਂ ਨਾਲ ਅਤੇ ਕਰੋ ਮੁਕਰਰ ਜੀ ਇਕੱਤਰ ਹੋ, ਇਨਾਂ ਸਿਖ ਸਰੂਪ ਵਿਚ ਬਿਪਰਨ ਦੀ ਜੁਰਾਇਮ ਪੇਸ਼ਾ ਪੁਜਾਰੀ ਮਸੰਦ ਔਲਾਦ ਨੂੰ, ਅੱਜ ਬਣਦਾ ਦੇਣਾਂ ਜਬਾਬ।

ਗੁਰ, ਸਤਿਗੁਰੂ ਹੁਕਮਾਂ ਦੇ ਉਲਟ, ਖਸਮ ਨੂੰ ਵਿਸਾਰਕੇ, ਯਾਰ ਨਾਲ ਮਿਲਕੇ, ਪਰਦੇ ਪਿਛੇ ਲੁਕਕੇ, ਚਲੀ ਆਉਂਦੀ ਮੁੰਢ ਕਦੀਮੋਂ ਸਿਖਾਂ, ਸੰਤਾਂ, ਭਗਤਾਂ ਖਾਲਸਿਆਂ ਦੀ ਵੈਰਣ ਬਿਪਰਣ ਮਾਂ ਦੀ ਹੀ ਭਾਈ ਔਲਾਦ ਆਰ. ਐਸ. ਐਸ. ਦਾ ਇਕ ਬ੍ਰਾਹਮਣ ਪਾਂਡਾਂ ਆਗੂ ਸ੍ਰੀ ਹਰਿਮੰਦਰ ਸਾਹਿਬ ਆਉਂਦਾ ਹੈ। ਇਥੇ ਆ ਕੇ ਲੰਗਰ ਵਿਚ ਵਰਤੀਆਂ ਜਾਣ ਵਾਲੀਆਂ ਆਮ ਚੀਜਾਂ ਨੂੰ ਆਪਣੇ ਕੂੜੇ ਮਤ ਅਨੁਸਾਰ ਤਾਮਸ ਹੋਣ ਦਾ ਕੂੜ ਉਚਾਰਦਾ ਹੈ। ਜਦ ਕਿ ਗੁਰਮਤਿ ਅਨੁਸਾਰ ਤਾਮਸ ਖਾਣਾਂ ਜੇ ਕੋਈ ਹੋ ਸਕਦਾ ਹੈ ਤਾਂ ਇਹ

ਮਾਸਾਹਾਰੀ ਖਾਣਾਂ ਹੀ ਹੋ ਸਕਦਾ ਹੈ। ਜਿਸ ਦੀ ਵਰਤੋਂ ਇਨਸਾਨ ਪੇਟ ਭਰਨ ਲਈ ਬਿਨਾਂ ਮਾਸਾਹਾਰੀ ਪਦਾਰਥਾਂ ਦੇ ਹੁੰਦਿਆਂ, ਜੀਭ ਦੇ ਸੁਆਦ ਲਈ ਕਰਦਾ ਹੈ। ਇਹ ਨਾ ਹੋਣ ਦੀ ਸਥਿਤੀ ਵਿਚ ਜਿੰਦਾ ਰਹਿਣ ਲਈ ਹੋਈ ਮਾਸਾਹਾਰੀ ਭੋਜਨ ਦੀ ਵਰਤੋਂ ਨੂੰ ਗੁਰਮਤਿ ਕੋਈ ਤਾਮਸ ਖਾਣਾਂ ਨਹੀ ਦਸਦੀ।

ਖਾਲਸੇ ਦੇ ਦੇਸ਼ ਵਿਚ ਇਕ ਜੀਵ ਫੱਟੜ ਤੜਫ ਰਿਹਾ ਹੈ। ਡਾਕਟਰੀ ਸਹਾਇਤਾ ਦੁਆਰਾ ਵੀ ਜਿੰਦਾ ਰੱਖੇ ਜਾ ਸਕਣ ਦੀ ਆਸ ਨਹੀਂ। ਤੜਫਨ ਤੋਂ ਛੁਟਕਾਰੇ ਲਈ ਕੁਦਰਤ ਵਿਚ ਦਖਲ ਦੇਕੇ, ਸੱਭ ਤੋਂ ਹੁਮਾਨ ਢੰਗ ਮਾਰੇ ਜੀਵ ਦਾ ਦੇਹ-ਮਾਸ ਬੀਮਾਰੀ ਰਹਿਤ ਖਾਣਯੋਗ, ਜੇ ਡਾਕਟਰ ਦੀ ਮੋਹਰ ਤਾਂ ਇਸ ਤੰਦਰੁਸਤ ਮਾਸ ਨੂੰ ਜੇ ਖਾਲਸੇ ਦੇ ਦੇਸ਼ ਕੋਈ ਚਾਹਵਾਨ ਵਾਸੀ ਇਨਸਾਨ ਜੇ ਚਾਹੇ ਤਾਂ ਇਹ ਮਾਸ ਸੇਵਨ ਕਰ ਸਕਦਾ ਹੈ। ਕੋਈ ਤਾਮਸ ਖਾਣਾਂ ਨਹੀ।

ਖਾਲਸੇ ਦੇ ਦੇਸ਼ ਵਿਚ ਕਿਸੇ ਕਾਰਣ ਜੰਗਲ ਵਿਚ ਜੀਵਾਂ ਦਾ ਸੰਤਲਨ ਜਾਂਦਾ ਲਗਦਾ ਹੈ। ਇਹ ਸੰਤੁਲਨ ਕਾਇਮ ਰੱਖਣ ਲਈ ਕਿਸੇ ਜੰਗਲੀ ਜੀਵ ਜੂਨ ਦੀ ਵਧੀ ਮਾਤਰਾ ਨੂੰ ਘੱਟ ਕਰਨ ਲਈ ਪ੍ਰਾਪਤ ਜੰਗਲੀ ਜੀਵ ਦਾ ਮਾਸ ਤੰਦਰੁਸਤ, ਜੇ ਡਾਕਟਰ ਦੀ ਮੋਹਰ ਤਾਂ ਖਾਲਸੇ ਦੇ ਦੇਸ਼ ਕੋਈ ਚਾਹਵਾਨ ਵਾਸੀ ਇਨਸਾਨ ਜੇ ਚਾਹੇ ਤਾਂ ਇਹ ਮਾਸ ਸੇਵਨ ਕਰ ਸਕਦਾ ਹੈ। ਕੋਈ ਤਾਮਸ ਖਾਣਾਂ ਨਹੀ।

ਗੁਰਮਤਿ ਅਨੁਸਾਰ ਜੋ ਤਾਮਸ ਖਾਣਾਂ ਹੈ ਉਹ ਅਸਲ ਤਾਮਸ ਇਹ ਬਿਪਰਨ ਖੁਦ ਰਜ ਰਜ ਖਾਂਦੇ ਮਹਿਸੂਸ ਨਹੀਂ ਕਰ ਰਹੇ, ਇਨਾਂ ਨੂੰ ਵਿਖਾਈ ਹੀ ਨਹੀਂ ਦੇ ਰਿਹਾ। ਝੂਠ ਦੇ ਮੁਰਦਾਰ ਸਹਾਰੇ ਪਰਾਏ ਦਾ ਹੱਕ ਮਾਰਨਾਂ। ਇਹ ਅਸਲ ਮੁਰਦਾਰ ਤਾਮਸ ਖਾਣ ਵਾਲਾ ਸ੍ਰੀ ਹਰਿਮੰਦਰ ਸਾਹਿਬ ਆਇਆ ਵੀ ਝੂਠ ਬੋਲਣ ਵਾਲਾ ਪਾਂਡਾ ਸ਼ੈਤਾਨ ਹੋਣ ਦਾ ਸਬੂਤ ਬਣਦਾ ਕਹਿ ਰਿਹਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਪਵਿਤ੍ਰਤਾ ਨੂੰ ਸੰਤ ਜਰਨੈਲ ਸਿੰਘ ਜੀ ਭੰਗ ਕਰਨ ਵਾਲੇ ਸਨ। ਜਦ ਕਿ ਸੰਸਾਰ ਜਾਣਦਾ ਹੈ ਕਿ ਇਹ ਹੀ ਧ੍ਰੋਹੀ, ਵਿਸ਼ਵਾਸਘਾਤੀ, ਅਕ੍ਰਿਤਘਣ ਹਨ ਜਿਨਾਂ ਨੌਵੇਂ ਗੁਰੂ ਤੋਂ ਚਲਾਕੀ ਨਾਲ ਆਪਣੇ ਤਿਲਕ ਜੰਜੂ ਦੀ ਰਾਖੀ ਦਾ ਬਚਨ, ਉਨਾਂ ਦੇ ਦਰ ਜਾ ਮੰਗ, ਨੌਂਵੇਂ ਗੁਰੂ ਦੀ ਸ਼ਹਾਦਤ ਬਦਲੇ, ਪੰਥ ਦੀਆਂ ਅਲੇਖ ਅਣਗਿਣਤ ਅਨਮੋਲ, ਲਾਸਾਨੀ ਸ਼ਹਾਦਤਾਂ ਸ਼ਹੀਦੀਆਂ ਦੇ ਬਦਲੇ ਆਪਣਾਂ ਧਰਮ ਬਚਾ ਜਾਣ ਵਾਲੇ ਅਤੇ ਪੰਥ ਦੇ ਬਹੁਤਦਾਦ ਡੁਲੇ ਖੂਨ ਬਦਲੇ ਦਿੱਲੀ ਤਖਤ ਦੇ ਮਾਲਕ ਹੋ ਜਾਣ ਵਾਲੇ, ਮਾਲਕ ਹੋ ਪੰਥ ਨੂੰ ਭਾਰਤ ਨਾਲ ਰੱਖਣ ਲਈ ਆਜਾਦੀ ਦੇਣ ਦੇ ਵਾਅਦੇ ਇਕਰਾਰ ਭੁਲਾਕੇ ਪੰਥ ਨਾਲ ਹਰ ਅਨਿਆ ਧ੍ਰੋਹ ਕਮਾਣ ਵਾਲੇ, ਉਲਟਾ ਪੰਥ ਦੇ ਸੱਚੇ ਸਿਖ, ਸੰਤ ਭਗਤ ਖਾਲਸੇ ਸ਼ਹੀਦ ਦੇ ਨਿੰਦਕ ਬਣਦੇ ਕੁਫਰ ਤੋਲਣੋਂ ਕੋਈ ਸ਼ਰਮ ਹਿਆ ਹੀ ਨਹੀਂ ਕਰਦੇ। ਜਿਨਾਂ ਨੇ ਇਨਾਂ ਅਕ੍ਰਿਤਘਣ ਵਿਸ਼ਵਾਸਘਾਤੀ ਬਿਪਰਨਾਂ ਨੂੰ ਪੰਥ ਨਾਲ ਭਾਰਤ ਦੀ ਆਜਾਦੀ ਵੇਲੇ ਕੀਤੇ ਵਾਦਿਆਂ ਨੂੰ ਯਾਦ ਦਿਲਾਕੇ ਉਨਾਂ ਦੀ ਪੂਰਤੀ ਦੀ ਹੱਕ ਹਲਾਲ ਮੰਗ ਉਠਾਈ। ਇਸ ਹੱਕ ਹਲਾਲ ਮੰਗ ਤੋਂ ਪੰਥ ਦਾ ਮੂੰਹ ਜਬਰੀ ਬੰਦ ਕਰਵਾਣ ਲਈ ਆਪਣੀ ਬਿਪਰਣ ਜਨਮਦਾਤੀ ਸੰਤਾਂ ਦੀ ਵੈਰਣ ਹੁਕਮਰਾਨ ਨਾਲ ਮਿਲਕੇ ਸ੍ਰੀ ਹਰਿਮਦਰ ਸਾਹਿਬ ਜੀ ਤੇ ਫੌਜੀ ਧਾਵਾ ਬੋਲਣ ਦੇ ਸਿਖਰ ਕੁਰਰਮ ਦੇ ਸੱਚ ਨੂੰ ਛੁਪਾਕੇ ਉਲਟਾ, ਝੂਠਾ ਦਾ ਮੁਰਦਾਰ ਖਾਂਦਾ ਸ਼ੈਤਾਨ, ਸਾਡੇ ਸੱਚੇ ਸਿਖ, ਸੰਤ ਭਗਤ ਸ਼ਹੀਦ ਖਾਲਸੇ ਉਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਵਿਤ੍ਰਤਾ ਨੂੰ ਭੰਗ ਕਰਨ ਦਾ ਦੋਸ਼ ਮੜ੍ਹ ਰਿਹਾ ਹੈ।

ਸ੍ਰੀ ਹਰਿਮੰਦਰ ਆਇਆ ਬਿਪਰਨ ਤਿਵਾੜੀ ਇਹ ਜਾਣਦੇ ਹੋਏ ਵੀ ਕਿ ਗੁਰਬਾਣੀ ਵਿਚ ਆਏ ਰਾਮ ਅਤੇ ਗੋਬਿੰਦ ਦਾ ਇਨਾਂ ਮੂਰਤੀ ਪੂਜਕਾਂ ਦੇ ਕਿਸੇ ਰਾਮ, ਗੋਬਿੰਦ ਨਾਲ ਕੋਈ ਮੇਲ ਨਹੀ, ਸਗੋਂ ਇਹ ਅਸਲੀ, ਨਕਲੀ ਕਰਤੇ ਆਪਣੀ ਖੇਲ ਵਿਚ ਦੋ ਵਿਰੋਧੀ ਧਿਰਾਂ ਕਰਕੇ ਖੜੀਆਂ ਕੀਤੀਆਂ ਹੋਈਆਂ ਹਨ, ਫਿਰ ਵੀ ਸਭ ਦੇ ਸਿਰਜਣਹਾਰ ਗੁਰਮਤਿ ਸ਼ਬਦ ਘਰ, ਇਹ ਕੁਫਰ ਤੋਲ ਰਿਹਾ ਹੈ ਕਿ ਗੁਰਬਾਣੀ ਵਿਚ ਉਨਾਂ ਦੇ ਹੀ ਰਾਮ ਗੋਬਿੰਦ ਅਤੇ ਸ਼ਿਵ ਦਾ ਜ਼ਿਕਰ ਹੋਣ ਕਰਕੇ, ਸਿਖ ਆਪਣੇ ਆਪਨੂੰ ਨਾ ਹਿੰਦੂ ਹੋਣਾਂ, ਗਲਤ ਦਸ ਰਹੇ ਨੇ। ਕਰਤੇ ਆਪਣੀ ਖੇਲ ਵਿਚ ਇਨਾਂ ਜਮ ਪੰਥ ਮਾਰਗ ਤੁਰਿਆਂ ਅਤੇ ਸੰਸਾਰ ਨੂੰ ਮਗਰ ਲਾਕੇ ਜਮ ਜੂਨਾਂ ਦੇ ਨਰਕ ਤੋਰੀ ਰੱਖਿਆਂ ਦੀ ਮੱਦਦ ਲਈ ਇਨਾਂ ਦੇ ਸ਼ਿਵ ਦੇ ਜ਼ਿਮੇ ਆਇਆ ਰੋਲ, ਇਹ ਸੰਤਾਂ ਦੀ ਵੈਰਣ ਝੂਠੀ, ਫਰੇਬੀ, ਪਖੰਡੀ ਅਤੇ ਸ਼ੈਤਾਨ ਔਲਾਦ ਜਾਣ ਹੀ ਜਾਵੇਗੀ, ਜਦ ਇਹ ਗੁਰੂ ਦੇ ਸਿਖ, ਆਪਣੇ ਗੁਰੂ ਗਿਆਨ ਆਸਰੇ ਕਰਤੇ ਦੀ ਸ਼ੁਰੂ ਤੋਂ ਹੁਣ ਤੱਕ ਅਦਭੁਤ ਖੇਲ ਨੂੰ ਕਲਮਬੰਦ ਕਰਕੇ ਸੰਸਾਰ ਨਾਲ ਸਾਂਝਾ ਕਰ ਰਹੇ ਹੋਵੇਗਾ ਅਤੇ ਇਹ ਸੰਤਾਂ ਦੀ ਵੈਰਣ ਦੀ ਔਲਾਦ, ਕਰਤੇ ਦੀ ਖੇਲ ਵਿਚ ਆਪਣੇ ਜ਼ਿਮੇਂ ਸਿਖਰ ਮਾੜੇ ਕਰਮਾਂ ਦੇ ਰੋਲ ਦੀ ਕਰਤੇ ਕੀਤੀ ਹੋਈ ਰਜਾ ਨੂੰ ਵੇਖ ਹੀ ਲੈਣਗੇ।

ਉਸ ਦਿਨ ਇਹ ਬਿਪਰਨ ਤਿਵਾੜੀ ਇਹ ਵੀ ਵੇਖ ਹੀ ਲਵੇਗਾ ਕਿ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਜੀ ਤੇ ਕਰੋੜਾਂ ਵਰਿਆਂ ਤੋਂ ਪਰਦੇ ਦੇ ਪਿਛਿਓ ਸਿੱਖਾਂ, ਸੰਤਾਂ, ਭਗਤਾਂ ਖਾਲਸਿਆਂ ਨਾਲ ਵੈਰ ਕਮਾਉਂਦੀ ਆ ਰਹੀ ਕਮਜਾਤ ਦੀ ਨਿਸ਼ਾਨ ਦੇਹੀ ਕਰਨੀ ਹੀ ਸੀ ਜਦ ਕਿ ਇਸ ਨਿਸ਼ਾਨਦੇਹੀ ਤੇ ਵੈਰਣ ਕਮਜਾਤ, ਜਿਸ ਨੂੰ ਇਹ ਤਿਵਾੜੀ ਸ਼ਹੀਦ ਭਾਈ ਬਿਅੰਤ ਸਿੰਘ ਅਤੇ ਸਤਵੰਤ ਸਿੰਘ ਦੀ ਸਰਪਰਸਤ ਹੋਣ ਦਾ ਕੁਫਰ ਤੋਲਦਾ ਹੈ, ਨੂੰ ਇਨਾਂ ਸਿੰਘਾਂ ਦੁਆਰਾ ਸਜਾ ਦੇ ਕਰਤਾ ਕੀਤੇ ਅਸਲ ਸੱਚ ਬਦਲਾ ਕਾਰਣ ਨੂੰ ਇਹ ਤਿਵਾੜੀ ਹੀ ਨਹੀਂ, ਸਾਰਾ ਸੰਸਾਰ ਭਾਈਚਾਰਾ ਜਾਣ ਰਿਹਾ ਹੋਵੇਗਾ। ਜਿਨਾਂ ਮਹਾਨ ਸ਼ਹੀਦ ਸਿਖ ਸੂਰੇ ਸੰਤ ਭਗਤ ਖਾਲਸੇ, ਸੰਤਾਂ

ਦੀ ਵੈਰਣ ਦੀ ਪਹਿਚਾਣ ਜੱਗ ਕੀਤੀ ਅਤੇ ਜਿਨਾਂ ਦੁਆਰਾ ਕਰਤੇ ਇਸ ਸੰਤਾਂ ਦੀ ਵੈਰਣ ਦਾ ਅੰਤ ਕਰਵਾਇਆ, ਜਿਨਾਂ ਖਾਲਸੇ ਦੇ ਆਜਾਦ ਦੇਸ਼ ਦੀ ਨੀਹ ਧਰੀ, ਉਨਾਂ ਸਾਡੇ ਪੰਥ ਪਿਆਰਿਆਂ ਲਈ ਇਨਾਂ ਦੇ ਮੂੰਹ ਨੱਕੋ ਨੱਕ ਨਫਰਤ ਦੀ ਜਹਿਰ ਨਾਲ ਭਰੇ ਹੋਣ ਕਰਕੇ ਸਿਖ ਅਜਾਇਬ ਘਰ ਵਿਚ ਇਨਾਂ ਪੰਥ ਦੇ ਸ਼ਹੀਦਾਂ ਦੀਆਂ ਲੱਗੀਆਂ ਤਸਵੀਰਾਂ ਇਨਾਂ ਨੂੰ ਚੁੱਭਣੀਆਂ ਹੀ ਹਨ।

ਇਹ ਜਮ ਪੰਥ ਮਾਰਗ ਤੋਰਦੇ ਰੱਬ ਧਰੋਹੀਆਂ, ਇਨਸਾਨ ਧ੍ਰੋਹੀਆਂ ਤਾਂ ਆਪਣੇ ਹੀ ਸ਼ਿਵ ਦੇ ਲਿੰਗ ਦੀ ਆਪਣਿਆਂ ਤੋਂ ਪੂਜਾ ਦੁਆਰਾ, ਆਪਣੇ ਹੀ ਸ਼ਿਵ ਦੇ ਨਾਲ ਧ੍ਰੋਹ ਕਮਾਉਣੋਂ ਨਾ ਹਟੇ, ਆਪਾਂ ਕੋਣ ਪਾਣੀ ਹਾਰ ਜੋ ਇਸ ਦੇ ਰਾਜ ਵਿਚ ਇਸ ਦੇ ਧ੍ਰੋਹਾਂ ਤੋਂ, ਵਿਸ਼ਵਾਸਘਾਤਾਂ ਤੋਂ ਬਚ ਜਾਣ ਵਾਲੇ?

ਮੁਸਲਮਾਨ ਫਕੀਰਾਂ ਦੀ ਬਾਣੀ ਨੂੰ, ਜੋ ਸੰਤਾਂ ਦੀ ਵੈਰਨ, ਇਨਾਂ ਦੀ ਮਾਂ, ਜਿਨ੍ ਲੋਇਣ ਜਗੁ ਮੋਹਿਆ ਦੀ ਅਸਲੀਅਤ ਦੇ ਸੱਚ ਨੂੰ ਤੇ ਮੋਹਰ ਜੂੰ ਲਾਉਂਦੀ ਹੋਈ, ਜਿਸ ਕਰਕੇ ਹੀ ਇਹ ਅਕ੍ਰਿਤਘਣ ਆਪਣੇ, ਸਭ ਦੇ ਰੱਬ ਘਰ ਆ, ਸਾਡੇ ਪੂਰਨ ਗੁਰੂ ਗ੍ਰੰਥ ਨੂੰ ਅਪੂਰਨ ਕਰਨ ਦੀਆਂ ਸ਼ੈਤਾਨ ਬੋਲੀ ਸਲਾਹਾਂ ਦੇ ਰਿਹਾ ਹੈ। ਤਿਵਾੜੀ ਬ੍ਰਾਹਮਣ ਦਾ ਸ੍ਰੀ ਹਰਿਮੰਦਰ ਸਾਹਿਬ ਆ ਬੋਲਿਆ ਸਾਬਤ ਕਰਦਾ ਹੈ ਕਿ ਇਹ ਤਿਵਾੜੀ ਆਪਣੇ ਆਪਨੂੰ ਸੱਚੇ ਗੁਰੂ ਕਰਤਾ ਰੱਬ ਤੋਂ ਉਪਰ, ਸਰੇਸ਼ਟ ਐਲਾਨਦਾ ਹੋਇਆ ਪੂਰਨ ਗੁਰੂ ਦੀ, ਪੂਰਨ ਗੁਰੂ ਰੂਪ ਖਾਲਸਾ ਦੀ ਕੀਤੀ ਹੋਈ ਨੂੰ ਗਲਤ ਦਸਦਾ ਹੈ ਅਤੇ ਸਿਖਾਂ ਨੂੰ ਹੀ ਉਨਾਂ ਦੇ ਪਵਿਤ੍ਰ ਗੁਰਮਤਿ ਦਰ ਆਕੇ, ਅਪਣੇ ਗੁਰੂ ਦੇ ਉਲਟ ਕੁਕਰਮ ਸ਼ੁਰੂ ਕਰਨ ਦੀਆਂ ਅਪੀਲਾਂ ਕਰਦਾ, ਸ੍ਰੀ ਹਰਿਮੰਦਰ ਸਾਹਿਬ ਆਇਆ ਇਨਸਾਨ ਦੇ ਰੂਪ ਵਿਚ ਸ਼ੈਤਾਨ ਆਪਣੀ ਬੋਲੀ ਬੋਲਕੇ, ਖਾਲਸਾ ਪੰਥ ਨੂੰ ਵੀ ਇਸ ਵਾਂਗਰ ਕਿਰਦਾਰ ਤੋਂ ਸ਼ੈਤਾਨ ਰੂਪ ਹੋ ਜਾਨ ਦੀਆਂ ਸਲਾਹਾਂ ਦੇ ਕੇ ਗਿਆ ਹੈ। ਵੇਖ ਬਿਪਰਨ ਵੇਖ ਇਥੇ ਸੰਖੇਪ ਇਸ਼ਾਰੇ ਮਾਤਰ, ਸਾਡਾ ਸੱਚਾ ਸ਼ਬਦ ਗੁਰੂ, ਤੇਰੇ ਵਲੋਂ ਸਾਡੇ ਹਰਿਮੰਦਰ ਮਾੜੀ ਨਜ਼ਰ ਆ, ਅਗਧ ਪੜਨ ਦੇ ਦਿਨ ਦੀ ਭਵਿਖਵਾਣੀ ਅਤੇ ਤੁਸਾਂ ਬਿਪਰਨ ਵਾਰੇ ਤੁਸਾਂ ਨੂੰ ਅਤੇ ਸੰਸਾਰ ਨੂੰ ਇਹ ਸੱਚ ਸੁਣਾਉਂਦਾ ਹੈ:

ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥ ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥ ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥ ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥ ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥ (ਪੰਨਾ 56)

ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥ ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥ (ਪੰਨਾਂ 358)
ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥ ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥ ਉਨ੍ਾ ਭਿ ਆਵਹਿ ਓਈ ਸਾਦ ॥ ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥ ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥ ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥ (ਪੰਨਾ 471-472)
ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ ॥੧੫॥ ਬ੍ਰਹਮਾ ਬਿਸਨੁ ਮਹੇਸੁ
ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥ ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥
ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ ॥੧੮॥ ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ
ਕਹਹਿ ਕਿਸੁ ਭਾਈ ॥੧੯॥ ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ ॥੨●॥(ਪੰਨਾ 909)
ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥ ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥ (ਪੰਨਾ 729)
ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥੩॥ ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥ (ਪੰਨਾ 874)
ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥ ਓਇ ਥਾਉ ਕੁਥਾਉ ਨ ਜਾਣਨੀ ਉਨ ਅੰਤਰਿ ਲੋਭੁ ਵਿਕਾਰੁ ॥ ਓਇ ਆਪਣੈ ਸੁਆਇ ਆਇ ਬਹਿ ਗਲਾ ਕਰਹਿ ਓਨਾ ਮਾਰੇ ਜਮੁ ਜੰਦਾਰੁ ॥ ਅਗੈ ਦਰਗਹ ਲੇਖੈ ਮੰਗਿਐ ਮਾਰਿ ਖੁਆਰੁ ਕੀਚਹਿ ਕੂੜਿਆਰ ॥ ਏਹ ਕੂੜੈ ਕੀ ਮਲੁ ਕਿਉ ਉਤਰੈ ਕੋਈ ਕਢਹੁ ਇਹੁ ਵੀਚਾਰੁ ॥ ਸਤਿਗੁਰੁ ਮਿਲੈ ਤਾ ਨਾਮੁ ਦਿੜਾਏ ਸਭਿ ਕਿਲਵਿਖ ਕਟਣਹਾਰੁ ॥ (ਪੰਨਾ 950-951)
ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ ॥ ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ ॥ ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ ॥ ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ ਮਨਿ ਲਾਗਾ ਤਿਸੁ ਮੋਹਾ ॥ ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ ॥ ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ ॥ ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ ॥

ਸਤਿਗੁਰ ਕੀ ਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ ॥ ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ ॥ ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ ਤਿਸੁ ਸਤਿਗੁਰ ਨਾਲਿ ਸਨੇਹਾ ॥ ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ ॥ ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ ॥ (ਪੰਨਾ 960)

ਖਾਇਆ ਮੈਲੁ ਵਧਾਇਆ ਪੈਧੈ ਘਰ ਕੀ ਹਾਣਿ ॥ ਬਕਿ ਬਕਿ ਵਾਦੁ ਚਲਾਇਆ ਬਿਨੁ ਨਾਵੈ ਬਿਖੁ ਜਾਣਿ ॥ (ਪੰਨਾ 1331)

ਸੱਭ ਤੋਂ ਉਚਾ ਹੋਣ ਦਾ ਦਾਹਵਾ ਇਸ ਬਿਪਰਨ ਨੂੰ ਗੁਰੂ ਆਪਣੇ ਦਰ ਸਦਕੇ, ਇਸ ਦੇ ਮੂੰਹੋਂ ਗੁਰੂ ਨੂੰ ਮੱਤਾਂ ਕਢਾ, ਗੁਰੂ ਅਪਣੇ ਖਾਲਸਾ ਪੰਥ ਲਈ ਇਹ ਸੱਚ ਸਬੂਤ ਕਰ ਚੁੱਕੇ ਨੇ ਕਿ ਆਪਣੇ ਆਪਨੂੰ ਸੰਸਾਰ ਤੇ ਸੱਭ ਤੋਂ ਉਪਰ ਪਵਿਤ੍ਰ ਸਰੇਸ਼ਟ ਹੋਣ ਦਾ ਦਾਹਵਾ ਕਰਨ ਵਾਲਾ ਬਿਪਰਣ ਬ੍ਰਾਹਮਣ ਪਾਂਡਾ ਹੰਕਾਰੀ, ਆਪਣੇ ਸੱਚੇ ਸਿਰਜਣਹਾਰ ਪਿਤਾ ਦੇ ਦਰ ਆਕੇ, ਆਪਣੇ ਆਪਨੂੰ ਇਸ ਸੱਚੇ ਦਾ ਸਿਰਜਣਹਾਰ, ਰੱਬ ਈਸ਼ਵਰ ਹੋਣ ਦਾ ਐਲਾਨ ਕਰ ਜਾਣ ਵਾਲਿਆਂ ਤੋਂ ਖਾਲਸਾ ਪੰਥ ਦੀ ਅਜਾਦੀ ਹੀ ਇਨਾਂ ਲਈ, ਸੰਸਾਰ ਲਈ ਪਹਿਲਾ ਸਬੂਤ ਹੈ ਕਿ ਇਨਾਂ ਦਾ, ਸੱਭ ਦਾ, ਹਰ ਦਾ ਇਕੋ ਇਕ ਨਿਰਾਕਾਰ ਸਰਬ ਸ਼ਕਤੀਮਾਨ ਦੀ ਰਜਾ ਨੂੰ ਸੱਚ ਕਰਨ ਵਾਲਾ ਕਰਤੇ ਦਾ ਸਰਜੀ ਨਾਮ ਹੀ ਹਰ ਦਾ ਸਿਰਜਣਹਾਰ ਹੈ। ਗੁਰੂ ਅਕਾਲ ਪੁਰਖ ਜੀ ਬਿਪਰਨ ਦੀ ਝੂਠ ਦਾ ਮੁਰਦਾਰ ਖਾਕੇ ਹੀ ਜਿੰਦਾ ਰਹਿ ਸਕਣ ਵਾਲੇ ਤਿਵਾੜੀ ਨੂੰ ਆਪਣੇ ਦਰ ਬੁਲਾਕੇ, ਖਾਲਸਾ ਪੰਥ ਨੂੰ ਇਨਾਂ ਦੇ ਅਸਲ ਕਰੂਰ ਸ਼ੈਤਾਨ ਚੇਹਰਿਆਂ ਦੇ ਦਰਸ਼ਨ ਕਰਵਾਕੇ, ਆਪਣੇ ਸਿਖਾਂ ਨੂੰ ਆਪਣੇ ਅਕਾਲ ਤਖਤ ਤੋਂ ਜੂਨ ਚੌਰਾਸੀ ਸਮੇਂ ਜਾਰੀ ਹੁਕਮਨਾਮੇ ਦੀ ਪੂਰਤੀ ਲਈ ਯਾਦ ਦਿਲਾ, ਇਸ ਸੱਚ ਉਤੇ ਆਪਣੀ ਮੋਹਰ ਲਾਉਂਦੇ ਹਨ ਕਿ ਇਸ ਦਿਨ ਤੋਂ, ਜਿਸ ਦਿਨ ਇਹ ਸਾਡੇ ਸੱਚੇ ਦੇ ਦਰ ਆ, ਸਾਡੇ ਸੱਚੇ ਨੂੰ ਕੁਫਰ ਦੇ ਸਹਾਰੇ ਵੰਗਾਰਕੇ ਗਏ ਨੇ, ਉਸ ਦਿਨ ਤੋਂ ਜਿਸ ਵੀ ਸਿਖ ਨਾਮ ਵਾਲੇ+ਸਿਖ ਨਾਮ ਅਤੇ ਸਿਖ ਸੂਰਤ ਵਾਲੇ+ ਸਿਖ ਨਾਮ, ਸਿਖ ਸੂਰਤ ਅਤੇ ਅੰਮ੍ਰਿਤ ਦਾਤ ਵਾਲੇ ਇਨਾਂ ਦੇ ਦਿੱਲੀ ਤਖਤ ਦੀ ਗੁਲਾਮੀ ਨੂੰ ਸਵਿਕਾਰ ਕਰ ਲਿਆ ਹੈ, ਉਸ ਨੇ ਇਨਾਂ ਮਗਰ ਆਪਣੇ ਆਪਨੂੰ ਜੰਮ ਜੂਨਾਂ ਦੇ ਮਹਾਂ ਨਰਕਭਾਗੀ ਕਰ ਲਿਆ ਹੈ। ਜਿਨਾਂ ਇਸ ਦਿਨ ਤੋਂ ਆਪਣੇ ਪੰਥ ਦੀ ਆਜਾਦੀ ਲਈ ਅਰਦਾਸੇ ਸੋਧ ਕੇ ਇਸ ਅਨੁਸਾਰ ਕਿਰਤ ਕਰਮ ਕਰ ਲਏ ਹਨ, ਸਿਰਫ ਤੇ ਸਿਰਫ ਇਨਾਂ ਸਿਖਾਂ ਦੀ ਹੀ ਬਾਹ ਜੰਮ ਜੂਨਾਂ ਦੇ ਨਰਕ ਤੋਂ ਛੁਟਕਾਰੇ ਲਈ ਇਥੇ, ਉਥੇ ਗੁਰੂ ਵਲੋਂ ਫੜੀ ਜਾਣੀਂ ਹੈ। ਆਉ ਸਾਡੇ ਗੁਰੂ ਪਿਆਰਿਓ, ਸਾਡੇ ਪੰਥ ਪਿਅਰਿਓ ਹੋਵੋ ਇਕੱਤਰ ਗੁਰਸਿਖ ਕਾਫਲੇ ਨਾਲ, ਇਕੋ ਪੰਥ ਮੰਜਲ ਪੂਰਤੀ ਦੀ ਸਾਂਝ ਲੈਕੇ। ਗੁਰਸਿਖਾਂ ਹੀ ਗੁਰੂ ਆਸਰੇ ਪੰਥ ਦੇ ਬਲ ਨਾਲ ਜਮ ਪੰਥ ਮਾਰਗ ਤੋਰਦਾ ਇਹ ਸ਼ੈਤਾਨ ਰੂਪੀ ਪ੍ਰਵਾਰ, ਇਸ ਦੇ ਤਖਤ ਅਤੇ ਇਸ ਦੀ ਸਿਖ ਸਰੂਪ ਵਿਚ ਮਸੰਦ ਔਲਾਦ ਦੇ ਪੰਥ ਤੇ ਹੋ ਰਹੇ ਦਿਨ ਰੋਜ ਘਿਨਾਉਣੇ ਤੋਂ ਘਿਨਾਉਣੇ ਵਾਰਾਂ ਨੂੰ ਰੋਕਦੇ ਹੋਏ ਆਪਣੇ ਧਰਮ ਅਤੇ ਪੰਥ ਦੀ ਰਾਖੀ ਕਰਨੀ ਹੈ ਅਤੇ ਇਨਾਂ ਤੋਂ ਪੰਥ ਨੂੰ ਅਤੇ ਪੰਥ ਦੇ ਦੇਸ਼ ਨੂੰ ਆਜਾਦ ਕਰਵਾਣਾਂ ਹੈ। ਇਹ ਹੀ ਹੈ ਅੱਜ ਗੁਰ ਕੀ ਸੇਵਾ, ਗੁਰੂ ਦੇ ਪ੍ਰਗਟਾਏ ਆਪਣੇ ਪੰਥ ਦੀ ਸੇਵਾ। ਇਹ ਹੀ ਹੈ ਕੀਤੀ ਅਡੋਲ ਸੇਵਾ ਜਿਸ ਨੇ ਜਮ ਪੰਥ ਮਾਰਗ ਦੀ ਗਲ ਪਈ ਮੁੰਢ ਕਦੀਮੋਂ ਫਾਂਸੀ ਨੂੰ ਕੱਟਣ ਲਈ ਕਿਸੇ ਨੂੰ ਗੁਰੂ ਦੇ ਅਸਲੀ ਸਿਖ ਕਰਨਾਂ ਹੈ ਅਤੇ ਜਹਾਨੋਂ ਗੁਰੂ ਨਾਲ ਜੁੜਿਆਂ ਤੋਰਨਾਂ ਹੈ।

ਜੋ ਸੂਰਾ ਤਿਸ ਹੀ ਹੋਇ ਮਰਣਾ ॥ ਜੋ ਭਾਗੈ ਤਿਸੁ ਜੋਨੀ ਫਿਰਣਾ ॥ (ਪੰਨਾ 1019)

ਭਾਈ ਦਲਜੀਤ ਸਿੰਘ ਬਿੱਟੂ ਜੀ, ਉਪਰ ਆਪਜੀ ਨੂੰ ਸੰਬੋਧਨ ਹੁੰਦਿਆਂ ਬਿਆਨਿਆ ਜਾ ਚੁੱਕਾ ਹੈ ਕਿ ਬਿਪਰਨ ਦੀ ਜੇਲੋਂ ਬਾਹਰ ਆਇਆਂ ਗੁਰਬਾਣੀ ਫੁਰਮਾਣ ਦਾ ਹਵਾਲਾ ਦੇਕੇ ਦੁਬਧਾ ਦੂਰ ਕਰਨ ਲਈ ਇਕੱਤਰ ਹੋ ਬੈਠਣ ਦੀ ਕੀਤੀ ਆਪਜੀ ਦੀ ਅਪੀਲ ਨੂੰ ਅਸਾਂ ਸੁਣਿਆਂ ਸੀ। ਇਸੇ ਹੀ ਗੁਰਬਾਣੀ ਫੁਰਮਾਣ, ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥ (ਪੰਨਾ 1185) ਨੂੰ ਹੋਰ ਸਿਖ ਜਥੇਬੰਦੀਆਂ ਨਾਲ ਸਬੰਧਤ ਜਾਂ ਨਾ ਸਬੰਧਤ ਸਿੱਖਾਂ ਦੇ ਮੁਖਾਰਬਿੰਦ ਤੋਂ ਵੀ ਸੁਣਦੇ ਆਏ ਹਾਂ, ਲਿਖਿਆ ਪੜਦੇ ਆਏ ਹਾਂ। ਹਾਂ ਜੀ ਆਪਣਾਂ ਸ਼ਬਦ ਗੁਰੁ ਗੁਰਬਾਣੀ ਵੀ ਦੁਬਧਾ ਵਿਚ ਫਸੇ ਅਤੇ ਫੈਸਲਾ ਨਾ ਲੈ ਸਕਣ ਵਾਲੇ ਰੋਗੀ ਸਿਖ, ਅਸਿਖ ਦੀ ਹਾਲਤ ਬੜੀ ਮੰਦੀ ਹੋਣ ਦਾ ਸੱਚ ਫੁਰਮਾਉਂਦੀ ਹੈ। ਪਰ ਦੁਬਿਧਾ ਦੁਆਰਾ ਸਿਖ, ਅਸਿਖ ਨੂੰ ਮਿਲਿਆ ਇਕ ਸੁਭਾਗ ਮੌਕਾ, ਸਬੱਬ, ਚਾਨਸ ਵੀ ਨਵੀਂ ਉਨਤ ਉਭਾਰ ਸ਼ੁਰੂਆਤ ਲਈ ਐਲਾਨਦੀ ਹੈ। ਜੇ ਉਹ ਸਿਖ, ਅਸਿਖ ਦੁਬਿਧਾ ਵਿਚੋਂ ਨਿਕਲਣ ਲਈ ਮਨ ਨਾਲ ਵਿਚਾਰ ਕਰਕੇ, ਸੱਚੇ ਸੱਚ ਦੇ ਮਾਰਗ ਦੀ ਚੋਣ ਕਰਕੇ, ਸੱਚੇ ਨਾਲ ਖੜ, ਉਸ ਅਨੁਸਾਰ ਅਮਲੀ ਕਰਮ ਜੀਵਨ ਸ਼ੁਰੂ ਕਰਦਾ ਹੈ:

ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥ ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥
ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ ॥,
ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ ॥ ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ ਤੂਰੁ ॥
ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥ (ਪੰਨਾ 19)

ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ ॥ ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥
ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥ (ਪੰਨਾ 28)
ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ ॥ ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥
ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥ (ਪੰਨਾ 55)
ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ ॥
ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ ॥ (ਪੰਨਾ 75)
ਸਾਕਤ ਕੂੜੇ ਸਚੁ ਨ ਭਾਵੈ ॥ ਦੁਬਿਧਾ ਬਾਧਾ ਆਵੈ ਜਾਵੈ ॥
ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ ॥ (ਪੰਨਾ 109)

ਭਾਰਤ ਦੀ ਆਜਾਦੀ ਦੇ ਮਗਰੋਂ ਖਾਲਸਾ ਪੰਥ ਨਾਲ ਆਜਾਦੀ ਦੇ ਨਿਘ ਲਈ ਵੱਧ ਅਧਿਕਾਰ ਸਿਖਾਂ ਲਈ ਖਿੱਤਾ ਅਤੇ ਸਿਖਾਂ ਨੂੰ ਸਹਿਮਤ ਸਵਿਧਾਨ ਹੀ ਭਾਰਤ ਦਾ ਹੋਣ ਦੇ ਕੀਤੇ ਵਚਨਾਂ ਤੋਂ ਮੁਕਰਕੇ ਦਿੱਲੀ ਦਰਬਾਰ ਨੇ ਸਿਖਾਂ ਨਾਲ ਧ੍ਰੋਹ ਕੀਤਾ, ਵਿਸ਼ਵਾਸਘਾਤ ਕੀਤਾ ਅਤੇ ਖਾਲਸਾ ਪੰਥ ਦੇ ਪਰਉਪਕਾਰ ਦਾ ਮੁਲ, ਉਸ ਤੇ ਅਨੋਖੇ ਬੇਮਿਸਾਲ ਅਨਿਆ ਜਬਰ ਜੁਲਮ ਦੀ ਸਿਖਰ ਵਿਚ ਮੋੜਿਆ ਤਾਂ ਗੁਰੂ ਕਰਤੇ ਆਪਣੇ ਖਾਲਸਾ ਪੰਥ ਲਈ ਦੁਬਧਾ ਨੂੰ ਦੂਰ ਕਰਦਿਆਂ ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਦੇਸ਼ ਖਾਲਸਤਾਨ ਦਾ ਨੀਂਹ ਪੱਥਰ ਧਰਾ ਕੇ, ਇਸ ਤੇ ਖਾਲਸੇ ਦੇ ਆਜਾਦ ਦੇਸ਼ ਦੀ ਉਸਾਰੀ ਦਾ ਹੁਕਮਨਾਮਾਂ ਜਾਰੀ ਕਰਵਾਕੇ ਇਸ ਦੀ ਪੂਰਤੀ ਨੂੰ ਆਪਣੇ ਖਾਲਸਾ ਪੰਥ ਲਈ ਆਪਣਾ ਹੁਕਮ, ਆਪਣੀ ਰਜਾ ਕਰਕੇ, ਅੱਜ ਖਾਲਸਾ ਪੰਥ ਦੀ ਮੰਜਿਲ ਵਾਰੇ ਦੁਬਧਾ ਨੂੰ ਜੂਨ ਚੌਰਾਸੀ ਤੋਂ ਹੀ ਖਤਮ ਕਰ ਦਿੱਤਾ।

ਸਾਡੇ ਪਵਿਤ੍ਰ ਗੁਰਧਾਮਾਂ, ਸਿਖ ਧਰਮ ਅਤੇ ਪੰਥ ਤੇ ਕਾਬਜ ਸਿਖ ਸਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਰੀਕ ਬੁਕਲ ਚੋਂ ਕੱਢਕੇ ਇਸ ਦੇ ਗੁਰੂ ਬਰਾਬਰ ਪਾਠ, ਅਖੰਡ ਪਾਠ, ਭੋਗ ਸ਼ੁਰੂ ਕਰਵਾਣ ਵਾਲੀ ਸ਼ਬਦ ਗੁਰੂ ਦੀ ਨਿੰਦਕ, ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਿੰਦਕ, ਭੌਤਕ ਸਰੀਰ ਵਿਚ ਹੋਏ ਪੂਰਣ ਪੁਰਖ ਦਰਵੇਸ਼ ਕਿਰਦਾਰ ਗੁਰੂਆਂ ਨਾਲ ਵੱਧ ਵਿਆਹਾਂ ਦੀਆਂ ਕੂੜ ਕਹਾਣੀ ਜੋੜਕੇ ਪ੍ਰਚਾਰਨ ਵਾਲੀ ਗੁਰੂ ਨਿੰਦਕ, ਜੂਨ ਚੋਰਾਸੀ ਦੇ ਸੱਚੇ ਸਿਖ ਸੂਰੇ ਸ਼ਹੀਦ ਸੰਤ ਭਗਤ ਖਾਲਸੇ ਦੀ, ਨਿੰਦਕ, ਇਸ ਦੀ ਅਗਵਾਈ ਵਿਚ ਜਾਰੀ ਖਾਲਸੇ ਦੇ ਦੇਸ਼ ਦੀ ਉਸਾਰੀ ਦੇ ਹੁਕਮਨਾਮੇ ਤੋਂ ਆਕੀ ਨਿੰਦਕ, ਗੁਰੂ ਤੋਂ ਬੇਮੁਖ, ਕਰਤਾਪੁਰਖ ਤੋਂ ਬੇਮੁਖ, ਝੂਠ ਬੋਲਣ ਦੀ ਆਦੀ ਬਿਪਰਣ ਦੀ ਜੁਰਾਇਮ ਪੇਸ਼ਾ ਦੁਸ਼ਟ ਮਸੰਦ ਪੁਜਾਰੀ ਲਾਣਾ ਔਲਾਦ ਨੇ। ਜਿਨਾਂ ਆਪਣੇ ਮਾਲਕਾਂ, ਅਪਣੇ ਚਾਲਕਾਂ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਦੀ ਨਾਦਰਸ਼ਾਹੀ ਔਰੰਗਜੇਬੀ ਹਕੂਮਤ ਨਾਲ ਮਿਲਕੇ, ਅਪਣੇ ਕੁਕਰਮਾਂ ਦੇ ਖਿਲਾਫ ਉਠਦੀ ਪੰਥ ਦੀ ਆਵਾਜ਼ ਨੂੰ ਖਾਮੋਸ਼ ਕਰਨ ਲਈ ਪ੍ਰੋ. ਦਰਸ਼ਨ ਸਿੰਘ ਖਾਲਸਾ ਜੀ ਨੂੰ 29 ਜਨਵਰੀ ਪੰਥ ਚੋਂ ਛੇਕਣ ਤੱਕ ਦੇ ਗੁਰੂ ਉਤੇ, ਗੁਰੂ ਦੇ ਪ੍ਰਗਟਾਏ ਨਿਰਮਲ, ਪਵਿਤ੍ਰ ਖਾਲਸਾ ਪੰਥ ਉਤੇ ਹੋ ਚੁੱਕੇ ਘਿਨਾਉਣੇ ਤੋਂ ਘਿਨਾਉਣੇ ਵਾਰਾਂ ਨੇ ਤਾਂ ਹੁਣ ਹਰ ਗੁਰਸਿਖ ਦੀ ਦੁਬਧਾ ਨੂੰ ਦੂਰ ਕਰ ਦਿੱਤਾ ਹੈ ਕਿ ਇਹ ਕੋਈ ਅਣਜਾਣ ਭੁੱਲਣਹਾਰੇ ਸਿਖ ਨਹੀਂ ਹਨ। ਜਿਨਾਂ ਨੂੰ ਗੁਰਸਿਖਾਂ ਦੀਆਂ ਮੁੱਕੀਆਂ ਤਾਹਨੇ, ਮਿਹਣੇਂ, ਫਿਟਕਾਰਾਂ ਅਤੇ ਗੁਰੂ ਗਿਆਨ ਬਦਲ ਸਕਦਾ ਹੋਵੇ। ਸਗੋਂ ਸਾਕਤ, **ਖਸਮੈ ਨਦਰੀ ਕੀੜਾ ਆਵੈ** ਨੇ। ਜਿਨਾਂ ਤੋਂ ਹੁਣ ਆਪਣੇ ਗੁਰਧਾਮਾਂ ਦੀ ਆਜਾਦੀ ਹੀ ਗੁਰਸਿਖ ਲਈ ਗੁਰੂ ਦਾ ਹੁਕਮ ਹੈ।

ਗੁਰਸਿਖ ਵੀਰ ਭਾਈ ਨਰਾਇਣ ਸਿੰਘ ਜੀਉ, ਆਪਜੀ ਦੇ ਮਾਸਕ ਰਸਾਲੇ 'ਆਵਾਜ਼-ਏ-ਖਾਲਸਾ' ਵਿਚ ਜੂਨ ਚੌਰਾਸੀ ਦੇ ਸ਼ਹੀਦਾਂ ਦੀ 25ਵੀਂ ਬਰਸੇ ਤੇ ਬਿਪਰਨ ਤਖਤ ਦੀਆਂ ਕਾਲ ਕੋਠੜੀਆਂ ਵਿਚ ਮੌਤ ਦੀ ਸਜਾ ਦੇਣ ਲਈ ਬੰਦੀ ਬਣਾਏ ਹੋਏ ਸੂਰੇ ਸਿੰਘਾਂ ਖਾਲਸਾ ਪੰਥ ਨੂੰ ਏਕਤਾ ਵਿਚ ਅੱਗੇ ਵਧਦਾ ਵੇਖਣ ਦੀ ਹਸਰਤ, ਖਾਲਸਾ ਪੰਥ ਅੱਗੇ ਪ੍ਰਗਟਾਈ ਗਈ ਸੀ। ਆਪਜੀ ਨੂੰ ਗੁਰਸਿਖ ਕਾਫਲਾ ਹੋਣ ਦਾ ਮਾਣ ਦੇਂਦੇ, ਖੁਦ ਨੂੰ ਤੁਛ ਕਰਦੇ ਅਤੇ ਇਸ ਦੀ ਅਗਵਾਈ ਆਪਜੀ ਨੂੰ ਸੌਂਪਦੇ ਪੱਤਰ ਵਿਚ ਇਹ ਵੀ ਹਰਫ ਦਰਜ ਹਨ:

"ਅਗਲੇ ਜਰੂਰੀ ਉਦਮ ਲਈ ਬੇਨਤੀ: ਆਪਜੀ ਅਤੇ ਆਪਜੀ ਦੀ ਅਗਵਾਈ ਵਿਚ ਸ਼੍ਰੋਮਣੀ ਸਿਖ ਕੌਂਸਲ ਅੱਗੇ, ਬਿਪਰਨ ਤਖਤ ਦੀਆਂ ਕਾਲ ਕੋਠੜੀਆਂ ਵਿਚ ਮੌਤ ਦੀ ਸਜਾ ਦੇਣ ਲਈ ਬੰਦੀ ਬਣਾਇਓ ਕੌਮੀ ਯੋਧਿਆਂ ਭਾਈ ਪਰਮਜੀਤ ਸਿੰਘ ਭਾਉਰਾ ਅਤੇ ਜਗਤਾਰ ਸਿੰਘ ਹਵਾਰਾ ਜੀ ਦੇ ਜੂਨ ਚੌਰਾਸੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਸੰਦੇਸ਼ ਵਿਚ ਅੰਕਤ ਇਨਾਂ ਬੋਲਾਂ "**ਇਹਨਾਂ ਘੱਲੂਘਾਰਿਆਂ ਨੂੰ ਯਾਦ ਕਰਨ ਦਾ ਲਾਭ ਤਾਂ ਹੀ ਹੋ ਸਕਦਾ ਹੈ, ਜੇ ਸਾਰੀਆਂ ਸੰਘਰਸਸ਼ੀਲ ਜਥੇਬੰਦੀਆਂ ਏਕਤਾ ਦਾ ਸਬੂਤ ਦੇਣ--**", ਨੂੰ ਹੀ ਦਹਰਾਉਂਦੇ ਹੋਏ, ਉਨਾਂ ਦੀ ਹੀ ਬੇਨਤੀ ਨੂੰ ਲੈ ਕੇ ਆਏ ਹਾਂ ਕਿ ਮੰਜ਼ਿਲ ਦੀ ਸਾਂਝ ਦੇ ਪ੍ਰਣ ਦੁਆਰਾ, ਹੋਰ ਸੰਘਰਸਸ਼ੀਲ ਸਿਖ

ਜਥੇਬੰਦੀਆਂ, ਜਿਨਾਂ ਦੇ ਸਿੰਘਾਂ ਨਾਲ ਆਪਜੀ ਦਾ ਅਤੇ ਜਥੇਬੰਦੀ ਦਾ ਚੰਗਾ ਮਿਲ ਬੈਠਣਾ ਵੀ ਹੈ, ਨੂੰ ਆਪਣੀ ਵੱਖਰੀ ਜਥੇਬੰਦਕ ਹੋਂਦ ਬਿਨਾਂ ਤਿਆਗਦਿਆਂ, ਕਿਸੇ ਇਕ ਨਾਮ ਸਹਿਯੋਗ ਸੰਗਠਨ ਥੱਲੇ, ਪੰਥਕ ਏਕਤਾ ਵਿਚ ਮਜਬੂਤ ਕਰ ਲਿਆ ਜਾਵੇ। ਇਸ ਕਾਰਜ ਦੀ ਪੂਰਤੀ ਲਈ ਅਪਜੀ ਨੂੰ, ਹੋਰ ਸੱਭੇ ਸਹਿਯੋਗੀ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਸਿੰਘਾਂ ਦੇ ਨਾਲ ਮਿਲਕੇ ਨਿਤਰਨ ਦੀ ਬੇਨਤੀ ਕਰਦੇ ਹਾਂ।"

ਵੀਰ ਜੀ ਜਿਸ ਦੂਜੀ ਦੁਬਧਾ ਦਾ ਨਿਤਾਰਾ ਗੁਰਸਿਖ ਕਾਫਲੇ ਲਈ ਗੁਰੂ ਪਹਿਲਾਂ ਹੀ ਕੀਤਾ ਹੋਇਆ ਸੀ ਅਤੇ ਜਿਸ ਦਾ ਐਲਾਨ ਜੂਨ ਚੌਰਾਸੀ ਦੇ ਸ਼ਹੀਦਾਂ ਦੀ 25 ਵੀਂ ਬਰਸੀ ਤੇ ਲਿਖਤੀ ਪੰਥ ਅੱਗੇ, ਆਪਜੀ ਅੱਗੇ ਰੱਖ ਦਿੱਤਾ ਸੀ ਕਿ ਇਸ ਗੁਰਸਿਖ ਕਾਫਲੇ ਨੇ ਇਨਾਂ ਸਾਡੇ ਗੁਰਧਾਂਮਾਂ ਤੇ, ਸਾਡੇ ਧਰਮ ਤੇ ਸਾਡੇ ਪੰਥ ਤੇ ਕਾਬਜ ਸਿਖ ਸਰੂਪ ਵਿਚ ਬਿਪਰਨ ਦੀ ਔਲਾਦ ਦੁਸ਼ਟ ਮਸੰਦ ਪੁਜਾਰੀ, ਕੂੜ ਦੇ ਫੁਰਮਾਨ ਜਾਰੀ ਕਰਨ ਵਾਲਿਆਂ ਤੋਂ ਵੀ ਹੁਣ ਪੰਥ ਦੀ ਆਜਾਦੀ ਨੂੰ ਆਪਣਾਂ ਕਰਮ ਕਰ ਲੈਣ ਦਾ ਗੁਰੂ ਅੱਗੇ ਅਰਦਾਸਾ ਸੋਧ ਦਿੱਤਾ ਹੈ।

ਭਾਵੇਂ ਵੀਰ ਜੀ ਗੁਰੂ ਵਲੋਂ ਗੁਰਸਿਖ ਕਾਫਲੇ ਦੀ ਦੂਰ ਕੀਤੀ ਇਹ ਦੂਜੀ ਦੁਬਧਾ ਨੂੰ ਆਪਣੇ ਪੱਲੇ ਮੁੜ ਕਰ ਲਿਆ ਸੀ ਅਤੇ ਖਾਲਸਾ ਪੰਥ ਨੂੰ ਬੰਦੀ ਸੂਰੇ ਸਿੰਘਾਂ ਦੀ ਏਕਤਾ ਲਈ ਕੀਤੀ ਅਪੀਲ ਬੇਨਤੀ ਅਨਸੁਣੀਂ ਰਹਿ ਗਈ ਸੀ। ਪਰ ਸਭ ਸਮਰਥ ਗੁਰੂ ਕਰਤਾ ਨੇ ਇਹ ਇਨਾਂ ਬੰਦੀ ਸੂਰੇ ਸਿੰਘਾਂ ਦੀ ਖਾਲਸਾ ਪੰਥ ਨੂੰ ਏਕਤਾ ਲਈ ਕੀਤੀ ਅਪੀਲ ਬੇਨਤੀ ਅਣਸੁਣੀਂ ਨਹੀਂ ਰਹਿਣ ਦਿੱਤੀ ਅਤੇ ਦੋਹਾਂ ਹੀ ਦੁਬਿਧਾਵਾਂ ਤੋਂ ਮੁਕਤ, ਪਵਿਤ੍ਰ ਇਨਸਾਨ ਕ੍ਰਿਦਾਰ ਖਾਲਸਾ ਪੰਥ ਦੇ ਵਾਰਸ ਗੁਰਸਿਖ ਕਾਫਲੇ ਦੀ ਹੋਂਦ ਨੂੰ ਸੰਸਾਰ ਉਤੇ ਸੱਚ ਨਿਸ਼ਾਨ ਕਰ ਦਿੱਤਾ ਹੈ। ਇਸ ਨਾਮ ਥੱਲੇ ਅਟੁੱਟ ਏਕਤਾ ਵਿਚ ਦੋਵੇਂ ਦੁਬਿਧਾਵਾਂ ਤੋਂ ਮੁਕਤ, ਇਕ ਪੰਥ ਮੰਜਿਲ ਦੀ ਸਾਂਝ ਨਾਲ, ਕੋਈ ਸਿਖ, ਸਿਖ ਜਥੇਬੰਦੀਂ ਆਪਣਾਂ ਪਿਆਰਾ ਨਾਮ ਦਰਜ ਕਰਵਾ ਸਕਦੀ ਹੈ।

ਇਹ ਗੁਰਸਿਖ ਕਾਫਲਾ ਸੱਭ ਮੁਖਾਤਬ ਸਿਖ ਜਥਬੰਦੀਆਂ ਅਤੇ ਬਾਕੀ ਸਮੂਹ ਪੰਥਕ ਸੰਘਰਸ਼ਸ਼ੀਲ ਜਥੇਬੰਦੀਆਂ, ਸੰਸਥਾਵਾਂ ਦੇ ਸਿੰਘਾਂ ਨੂੰ ਅਤੇ ਸੰਗਤਾਂ ਨੂੰ, ਜਿੰਨਾਂ ਤੱਕ ਇਹ ਹੋਕਾ ਨਿਜੀ ਪਹੁੰਚਾਈਆ ਹੈ, ਆਪਣੇ ਪੰਥ ਦੇ ਫਾਂਸੀਆਂ ਉਤੇ ਟੰਗਣ ਲਈ ਬਿਪਰਨ ਤਖਤ ਵਲੋਂ ਬੰਦੀ ਬਣਾਇਓ ਅਣਖੀ ਸੂਰੇ ਸਿੰਘਾਂ ਦੀ ਏਕਤਾ ਲਈ ਕੀਤੀ ਹੋਈ ਬੇਨਤੀ ਅਪੀਲ ਨੂੰ ਮੁੜ ਯਾਦ ਦਿਲਾਉਂਦਾ ਹੋਇਆ ਮੁੱਖ ਦੋਹਾਂ ਹੀ ਦੁਬਿਧਾਵਾਂ ਤੋਂ ਮੁਕਤ ਹੁੰਦੇ ਹੋਏ ਗੁਰਸਿਖ ਕਾਫਲੇ ਨਾਲ ਇਕ ਏਕਤਾ ਵਿਚ ਹੋਣ ਅਤੇ ਇਸ ਏਕਤਾ ਦੇ ਬਲਵਾਨ ਨਿੱਜ ਬਲ ਨਾਲ ਸਿਖ ਸੰਘਰਸ਼ ਨੂੰ ਪ੍ਰਚੰਡ ਕਰਨ ਲਈ ਨਿਤਰਨ ਦਾ ਹੋਕਾ ਦੇਂਦਾ ਹੈ।

ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ ॥ ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ ॥ (ਪੰਨਾ 35)

ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥ ਇਸਹਿ ਮਾਰਿ ਰਾਜ ਜੋਗੁ ਕਮਾਵੈ ॥ (ਪੰਨਾ 237)

ਸਹਜੇ ਸੁਖਿ ਸੁਤੀ ਸਬਦਿ ਸਮਾਇ ॥ ਆਪੇ ਪ੍ਰਭਿ ਮੇਲਿ ਲਈ ਗਲਿ ਲਾਇ ॥
ਦੁਬਿਧਾ ਚੂਕੀ ਸਹਜਿ ਸੁਭਾਇ ॥ (ਪੰਨਾ 1247)

ਸਤਿਕਾਰਯੋਗ ਬੜੇ ਵੱਡੇ ਨਾਮ ਸੰਸਥਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਗੁਰਸਿਖ ਪ੍ਰਬੰਧਕ ਮੁਖੀ ਵੀਰੋ ਜੀਓ, ਖਾਲਸਾ ਪੰਥ ਦੀ ਸੱਥ ਵਿਚ ਖੁਦ ਨੂੰ ਇਕੋ ਇਕ ਗੁਰੂ ਸਤਿਗੁਰੂ ਦੇ ਹੀ ਦਰ ਦਾ ਪ੍ਰਾਣੀ ਦੱਸਕੇ ਇਸ ਗੁਰਸਿਖ ਕਾਫਲੇ ਨਾਲ ਤੁਰੇ ਇਕ ਵੀਰ ਨੂੰ ਤਕਰੀਬਨ 35 ਸਾਲ ਪਹਿਲਾਂ ਆਪਜੀ ਵਲੋਂ ਅਯੋਜਿਤ ਕੀਤੇ ਜਾਂਦੇ ਕੁਝ ਗੁਰਮਤਿ ਪ੍ਰਚਾਰ ਕੈਂਪਾਂ ਵਿਚ ਸ਼ਮੂਲੀਅਤ ਦੇ ਅਤੇ ਆਪਜੀ ਵਲੋਂ ਅਯੋਜਿਤ ਸ੍ਰੀ ਅਨੰਦਪੁਰ ਸਾਹਿਬ ਜੀ ਤੋਂ ਤਲਵੰਡੀ ਸਾਹਬੋ ਜੀ ਤੱਕ ਦੇ ਗੁਰੂ ਗੋਬਿੰਦ ਮਾਰਗ ਉਤੇ ਸਾਇਕਲ ਯਾਤਰਾ ਕਰਨ ਦੇ ਵੱਡੇ ਸੁਭਾਗ ਮੌਕੇ, ਗੁਰੂ ਵਲੋਂ ਬਖਸ਼ਿਸ਼ ਹੋਏ ਸਨ। ਜਿਸ ਗੁਰੂ ਗੋਬਿੰਦ ਸਿੰਘ ਮਾਰਗ ਦੇ ਨਿਰਮਾਣ ਲਈ ਅੱਗੇ ਹੋਕੇ ਹਿੱਸਾ ਪਾਉਣ ਵਾਲੇ, ਕਹਾਉਂਦੇ ਗਿਅਨੀ ਜੈਲ ਸਿੰਘ ਸਨ। ਜੋ ਜੂਨ ਚੌਰਾਸੀ ਦੇ ਸ੍ਰੀ ਹਰਿਮੰਦਰ ਸਾਹਿਬ ਜੀ ਉਤੇ ਬਿਪਰਨ ਦਿਲੀ ਤਖਤ ਦੇ ਬੋਲੇ ਗਏ ਫੌਜੀ ਧਾਵੇ ਸਮੇਂ ਭਾਰਤ ਦੇ ਰਾਸ਼ਤਰਪਤੀ ਸਨ। ਯਾਦ ਰਹੇ ਕਿ ਇਹ ਜਾਣਕਾਰੀ ਆਪਜੀ ਨੂੰ ਇਕ ਖਤ ਵਿਚ ਦਰਜ ਪਹਿਲੋਂ ਹੀ ਪਹੁੰਚਾਈ ਜਾ ਚੁੱਕੀ ਹੈ। ਇਨਾਂ ਸੁਭਾਗ ਗੁਰੂ ਬਖਸ਼ਿਸ਼ ਮੌਕਿਆਂ ਤੇ ਗੁਰੂ ਦਸ਼ਮੇਸ਼ ਪਿਤਾ ਦੇ ਨਾਮ ਤੇ ਵੱਡੀ ਇਸ ਗੁਰਸਿਖ ਸੰਸਥਾ ਦੀ ਸੰਗਤ ਨੇ ਇਸ ਪ੍ਰਾਣੀ ਨੂੰ ਜਨਮੋਂ ਮਿਲੀ ਗੁਰਮਿਤ ਨਾਲ ਗੰਢ, ਕਦੇ ਨਾ ਖੁੱਲ ਸਕਣ, ਕਦੇ ਨਾ ਟੁਟ ਸਕਣ ਤੱਕ ਪ੍ਰਪੱਕ ਕੀਤੀ ਸੀ ਅਤੇ ਅੱਜ ਗੁਰੂ ਆਸਰੇ, ਗੁਰੂ ਹੁਕਮੀਂ ਇਹ ਗੁਰਸਿਖ ਕਾਫਲਾ ਇਹ ਦਾਹਵਾ ਲੈਕੇ ਤੁਰ ਪਿਆ ਹੈ ਕਿ ਗੁਰੂ ਸਤਿਗੁਰੂ ਨੇ ਪ੍ਰਮਾਤਮ ਦੀ ਮੌਜ ਤੇ ਪ੍ਰਗਟਾਏ ਆਪਣੇ ਹੁਕਮ ਅਤੇ ਰਜਾ ਵਿਚ ਰਹਿਕੇ ਚੱਲਣ ਵਾਲੇ ਖਾਲਸਾ ਪੰਥ ਨੂੰ ਸ਼ਬਦ ਗੁਰੂ ਦੇ ਗਿਆਨ ਦੀ ਬਖਸ਼ਿਸ਼ ਦੁਆਰਾ, ਗੁਰੂ ਕਰਤੇ ਆਪਣੀ ਸੰਤਾਨ ਇਨਸਾਨ ਜਾਤੀ ਲਈ ਅੱਜ ਤੱਕ ਜਾਨਣ ਲਈ ਕੀਤੇ ਮੁੰਢਲੇ ਸੱਚ ਨੂੰ ਜਾਣ ਲਿਆ ਹੈ। ਇਸ ਲਈ ਗੁਰੂ ਆਸਰੇ, ਗੁਰੂ ਬਖਸ਼ਿਸ਼ ਬਾਕੀ ਹੋਰ ਸੱਭੇ ਦੁਬਿਧਾਵਾਂ ਦਾ ਨਿਤਾਰਾ ਹੋ ਚੁੱਕਾ ਹੈ ਅਤੇ ਗੁਰਸਿਖ ਕਾਫਲੇ ਵਲੋਂ ਇਨਸਾਨ ਜਾਤੀ ਲਈ ਕਰਤੇ ਦੇ ਇਸ ਸੱਚ ਪ੍ਰਕਾਸ਼, ਸਿਖ ਧਰਮ ਵਿਚਾਰਧਾਰਾ - ਸੱਚ

ਫਿਲਾਸਫੀ ਨੂੰ ਆਮ ਅੱਖਰੀਂ ਕਰਕੇ, ਕਰਤੇ ਕਾਦਰ ਦੀ ਕੁਦਰਤ ਵਿਚ ਆਪਣੇ ਸੰਸਾਰ ਭਾਈਚਾਰੇ ਵਿਚ ਕਰਨਾ, ਅਪਣੇ ਜ਼ਿਮੇਂ ਲਿਆ ਹੋਇਆ ਪਹਿਲਾਂ ਵੀ ਪੜ ਆਏ ਹਾਂ।

ਸੋ ਆਪਣੇ ਦਸ਼ਮੇਸ਼ ਪਿਤਾ ਦੇ ਨਾਮ ਤੇ ਵੱਡੀ ਸੰਸਥਾ ਦੇ ਪ੍ਰਬੰਧਕ ਸੇਵਾਦਾਰ ਵੀਰੋ, ਤੁਸਾਂ ਦੀ ਸੰਗਤ ਨੇ ਇਸ ਗੁਰਸਿਖ ਕਾਫਲੇ ਨੂੰ ਸੱਚ ਇਹ ਵੱਡੀਆਂ ਗੱਲਾਂ ਗਿਆਨ- ਕਹਿਨੀ ਕਿ **ਕੂੜੈ ਤੁਟੈ ਪਾਲਿ** ਹੋ ਗਿਆ ਹੈ। **ਚਾਲ ਭਗਤਾ ਜੁਗਹੁ ਜੁਗੁ ਨਿਰਾਲੀ, ਅਕਥ ਕਹਾਣੀ** ਗੁਰੂ ਆਸਰੇ ਚੇਤਨਾਂ ਵਿਚ **ਕਥਿਹੁ** ਹੋ ਗਈ ਹੈ। ਕਿਸੇ ਨਕਲੀ ਸੰਤ ਕੋਲ ਨਹੀਂ। ਕਿਸੇ ਸਿਰਫ ਕਹਿਣੀ ਪੱਲੇ ਸਿਖ, ਗਿਆਨੀ, ਵਿਦਵਾਨ ਕੋਲ ਨਹੀਂ। ਕਿਸੇ ਕਰਤੇ ਦੇ ਨਾਮ ਨੂੰ ਬਿਪਰ ਬਿਧੀਆਂ ਨਾਲ ਲੈ ਲੈਣ ਦੀ ਸਿਖਿਆ ਦੇਣ ਵਾਲਿਆਂ ਕੋਲ, ਨਾ ਦੁਨਿਆਵੀ ਪੜਾਈਆਂ ਦੇ ਕਿਸੇ ਮਾਹਰ ਕੋਲ। **ਕੂੜੈ ਤੁਟੈ ਪਾਲਿ** ਨਸੀਬ ਹੋਏ ਗੁਰੂ ਅੱਗੇ ਗੁਰੂ ਦੇ ਨਿਮਾਣੇ ਨਿਤਾਣੇ ਸ਼ਰਨ ਹੀ ਰਹੇ ਗੁਰੂ ਦੇ ਆਗਿਆਕਾਰ ਗੁਰਸਿਖ ਖਾਲਸਾ ਪੰਥ ਨੂੰ ਹੀ। ਉਹ ਵੀ ਜੂਨ ਚੌਰਾਸੀ ਦੇ ਸੱਚੇ ਸੂਰੇ ਸਿਖ ਸੰਤ ਭਗਤ ਖਾਲਸੇ ਸ਼ਹੀਦ ਜਰਨੈਲ, ਸਾਥੀਆਂ, ਉਸ ਦੀ ਅਗਵਾਈ ਵਿਚ ਉਸ ਦੇ ਮਗਰੋਂ ਅਤੇ ਪਹਿਲਾਂ ਪੰਥ ਦੇ ਸਮੂਹ ਸ਼ਹੀਦਾਂ ਦੀ ਬਦੌਲਤ। ਗੁਰੂਆਂ ਅਤੇ ਗੁਰੂ ਦੀ ਸੰਤਾਨ ਦੀਆਂ ਅਦਭੁੱਤ, ਲਾਸਾਨੀ, ਨਿਆਰੀਆਂ, ਬੇਮਿਸਾਲ ਸ਼ਹਾਦਤਾਂ, ਸ਼ਹੀਦੀਆਂ ਦੀ ਬਦੌਲਤ। ਜਿਸ **ਅਕਥ** ਤੋਂ ਹੋਈ **ਕਥਿਹੁ** ਕਹਾਣੀਂ ਗੁਰਮਤਿ ਸੱਚ ਗਿਆਨ ਨੂੰ ਆਮ ਹਰਫਾਂ ਵਿਚ ਸੰਸਾਰ ਭਾਈ ਨਾਲ ਵੰਡਣਾਂ ਹੈ। ਜਿਸ ਖੁੱਲੀ **ਕਥਿਹੁ** ਕਹਾਣੀਂ ਗੁਰਮਤਿ ਸੱਚ ਗਿਆਨ ਕਿਤਾਬ ਵਿਚ ਅੱਜ ਆਪਾਂ ਬਜੁਰਗਾਂ ਤੋਂ ਅਨਜਾਣੇ ਰਹਿ ਗਈ ਕਿਸੇ ਊਣਤਾਈ ਨੂੰ ਸਾਡੀ ਸਾਥੋਂ ਵੱਧ ਬਲਵਾਨ ਬੁਧ ਬਬੇਕ ਸੰਤਾਨ ਨੇ ਗੁਰਮਤਿ ਦੀ ਕਿਸੇ ਹੋਰ ਸੱਚ ਦਲੀਲ ਨਾਲ ਸੋਧ ਕਰਦੇ ਰਹਿਣਾਂ ਹੈ ਅਤੇ ਨਵਾਂ ਜੋੜਦੇ ਰਹਿਣਾਂ ਹੈ। ਜਦ ਤਕ ਸੰਸਾਰ ਹੈ **ਭਗਤਾ ਕੀ ਚਾਲ ਨਿਰਾਲੀ, ਅਕਥ ਕਹਾਣੀ** ਗੁਰੂ ਆਸਰੇ ਖਾਲਸਾ ਪੰਥ ਵਲੋਂ **ਕਥਿਹੁ** ਹੁੰਦੀ ਰਹਿਣੀਂ ਹੈ।

ਪਿਆਰੇ ਗੁਰਸਿਖ ਵੀਰ ਭਾਈ ਅਤਿੰਦਰਪਾਲ ਸਿੰਘ ਜੀ ਅਤੇ ਭਾਈ ਜਸਵੰਤ ਸਿੰਘ ਕੰਵਲ ਜੀਉ, ਇਸ ਗੁਰਸਿਖ ਕਾਫਲੇ ਵਲੋਂ ਜੂਨ ਚੌਰਾਸੀ ਦੇ ਸ਼ਹੀਦਾਂ ਦੀ 25ਵੀਂ ਬਰਸੀ ਸਮੇਂ ਤੋਂ ਗੁਰੂ ਆਸਰੇ, ਗੁਰੂ ਬਖਸ਼ਿਸ਼, ਗੁਰੂ ਹੁਕਮੀਂ ਉਥੋਂ ਅੱਗੇ ਤੋਰੀ ਕੀਤੀ ਹੈ ਜਿਥੋਂ ਆਪਜੀ ਵਲੋਂ ਇਕੱਠਿਆਂ, ਇਕ ਇਕੱਠ ਵਿਚ, ਪਿਆਰੇ ਸਿਖ ਬੱਚਿਆਂ ਨੂੰ ਨਾਲ ਲੈਕੇ, ਗੁਰੂ ਅੱਗੇ ਇਕ ਅਰਦਾਸ ਦੁਆਰਾ ਸ਼ੁਰੂ ਕੀਤੀ ਸੀ।

ਸੋ ਖਾਲਸਾ ਜੀ ਗੁਰੂ ਦਿਆਲੂ ਵਲੋਂ ਆਪਣੇ ਪੰਥ ਪੱਲੇ ਗਿਆਨ- ਕਹਿਣੀ ਹੀ ਇਕੱਲੀ ਨਹੀਂ ਕੀਤੀ ਸਗੋਂ ਗਿਆਨ- ਕਹਿਣੀ ਅਨੁਸਾਰ ਕਰਮ ਕਿਰਤ- **ਹੁਕਮਿ ਰਜਾਈ ਚਲਣਾ,** ਨਵਾਂ ਦੌਰ ਵੀ ਜੂਨ ਚੌਰਾਸੀ ਦੇ ਸਹੀਦਾਂ ਦੀ 25ਵੀਂ ਬਰਸੀ ਜੂਨ 2009 ਤੋਂ ਗੁਰਸਿਖ ਖਾਲਸਾ ਪੰਥ ਵਲੋਂ ਸ਼ੁਰੂ ਹੋ ਚੁੱਕਾ ਹੈ। ਤੁਸਾਂ ਵਲੋਂ ਗੁਰਸਿਖ ਦਾ ਕਰਮ ਨਿਸ਼ਾਨ, ਅੱਜ ਬਣਦੀ ਗੁਰ ਕੀ ਅਸਲ ਸੇਵਾ, ਗੁਰੂ ਦੇ ਪ੍ਰਗਾਏ ਪੰਥ ਦੀ ਅਸਲ ਸੇਵਾ ਲਈ ਗੁਰਸਿਖ ਕਾਫਲਾ ਨਾਲ ਏਕਤਾ ਵਿਚ ਆਉਣ ਨੂੰ ਨਾ ਵਿਸਾਰਨ ਦੀ ਆਪਜੀ ਨੂੰ ਵਿਸ਼ੇਸ਼ ਅਪੀਲ ਬੇਨਤੀ ਦੇ ਨਾਲ ਹੀ ਇਹ ਹੀ ਹੁਣ ਤੱਕ ਵਿਸ਼ੇਸ਼ ਤੌਰ ਤੇ ਸੰਬੋਧਨ ਹੋਣੋਂ ਰਹਿ ਗਏ ਵੀਰ ਚਰਨ ਸਿੰਘ ਧਾਮੀ- ਮੁਖੀ ਦਲ ਖਾਲਸਾ, ਯੂਨਾਇਟਡ ਸਰਬੱਤ ਖਾਲਸਾ ਅਤੇ ਸਿਖ ਸਟੂਡੈਂਟਸ ਫਡਰੇਸ਼ਨ ਪਟਿਆਲਾ ਦੇ ਸਤਿਕਾਰਯੋਗ ਸੇਵਾਦਾਰ ਸਿੰਘਾਂ ਨੂੰ, ਇਸ ਹੋਕੇ ਖਤ ਦੁਆਰਾ ਸਭ ਸੰਬੋਧਨ ਹੋ ਚੁੱਕੇ ਬਾਕੀ ਗੁਰਸਿਖ ਵੀਰਾਂ ਨੂੰ, **ਪੰਥ ਅਟੁੱਟ ਅੰਗ** ਨੂੰ ਅਤੇ ਸੰਸਾਰ ਭਰ ਗੁਰੂ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜੀਆਂ ਸਮੂਹ ਸੰਗਤਾਂ ਨੂੰ ਅਪੀਲ ਬੇਨਤੀ ਇਕ ਵਾਰ ਫਿਰ ਕਰਦੇ ਹਾਂ। ਇਹ ਗੁਰਸਿਖ ਕਾਫਲਾ ਇਕ ਮੰਜ਼ਿਲ ਦੀ ਸਾਂਝ ਨਾਲ ਪੰਥ ਵਿਚ ਏਕਤਾ ਦੇ ਹਰ ਚਾਹਵਾਨ ਗੁਰਸਿਖ ਨੂੰ, ਹਰ ਪੰਥ ਹਮਦਰਦੀ ਨੂੰ ਆਪਣੀ ਗਲਵੱਕੜੀ ਵਿਚ ਲੈਣ ਲਈ ਬਾਹਾ ਖਿਲਾਰ ਖੜਾ ਹੈ।

**ਅਉਧ ਘਟੈ ਦਿਨਸੁ ਰੈਣਾਰੇ ॥ ਮਨ ਗੁਰ ਮਿਲਿ ਕਾਜ ਸਵਾਰੇ ॥**(ਪੰਨਾਂ 13)

**ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥ ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ ॥** (ਪੰਨਾਂ 27)

ਗੁਰੂ ਰੂਪ ਖਾਲਸਾ ਜੀ, ਗੁਰੂ ਰੂਪ ਪਿਆਰੀ ਸੰਗਤ ਜੀ, ਇਹ ਗੁਰਸਿਖ ਕਾਫਲਾ, ਖਾਲਸਾ ਪੰਥ ਦੀ ਇਕ ਮੰਜ਼ਿਲ ਸਾਂਝ ਦੁਆਰਾ ਏਕਤਾ ਲਈ ਆਪਜੀ ਅੱਗੇ ਇਹ ਹੋਕਾ, ਇਹ ਢੰਡੋਰਾ ਹਰਫ ਲਿਖਦਿਆਂ, ਗੁਰੂ ਹੁਕਮੀਂ, ਗੁਰੂ ਆਸਰੇ ਸ਼ਬਦ ਗੁਰੂ ਵਿਚ ਦਰਜ ਗੁਰਬਾਣੀ ਤੇ ਵਿਚਾਰ ਕਰਦਿਆਂ ਕਰਦਿਆਂ, ਗੁਰੂ ਕਰਤੇ ਦਾ ਇਹ ਸਚ ਰੌਸ਼ਨ ਚਿਰਾਗ ਵੇਖ ਰਿਹਾ ਹੈ ਕਿ ਗੁਰੂ ਆਸਰੇ ਅੱਜ ਦਾ ਕਰਮ ਨਿਸ਼ਾਨ ਦੇਕੇ, ਗੁਰੂ ਕਰਤੇ **ਹੁਕਮਿ ਰਜਾਈ ਚਲਣਾ** ਕਰ, ਅੱਜ ਬਣਦੀ ਗੁਰੂ ਦੀ ਫਰਜ ਸੇਵਾ, ਗੁਰੂ ਵਲੋਂ ਪ੍ਰਗਟਾਏ ਆਪਣੇ ਗੁਰੂ ਖਾਲਸਾ ਪੰਥ ਦੀ ਬਣਦੀ ਫਰਜ ਸੇਵਾ ਲਈ ਨਿਤਰੇ ਇਸ ਗੁਰਸਿਖ ਕਾਫਲੇ ਨਾਮ ਥੱਲੇ ਇਕੋ ਮੰਜਿਲ, ਇਕੋ ਕਰਮ ਨਿਸ਼ਾਨ

ਫਰਜ ਸੇਵਾ ਸਾਂਝ ਲੈਕੇ ਹੋਈ ਗੁਰਸਿਖਾਂ ਦੀ ਇਸ ਏਕਤਾ ਕੋਲ ਹੀ ਉਸ ਦਿਨ ਗੁਰੂ ਦਾ ਅਸਲ ਅੰਮ੍ਰਿਤ ਅਤੇ ਇਹ ਕਿਸੇ ਅਭਿਲਾਖੀ, ਚਾਹਵਾਨ ਨੂੰ ਸ਼ਕਾਉਣ ਦਾ ਗੁਰੂ ਵਲੋਂ ਬਖਸ਼ਿਸ਼ ਸੱਚ ਅਧਿਕਾਰ ਰਹਿ ਜਾਣਾਂ ਹੈ, ਜਿਸ ਦਿਨ ਇਸ ਏਕਤਾ ਗੁਰਸਿਖ ਕਾਫਲਾ ਨੇ ਸੱਭ ਨੂੰ ਦੱਸ ਕੇ, ਗੁਰੂ ਅੱਗੇ ਅਰਦਾਸ ਨਾਲ, ਗੁਰੂ ਜ਼ਿਮੇ ਕੀਤੇ ਇਸ ਕਾਰਜ ਨੂੰ ਸੰਭਾਲ ਲੈਣਾਂ ਹੈ। ਜੂਨ ਚੋਰਾਸੀ ਦੇ ਸ਼ਹੀਦਾਂ ਵਲੋਂ ਖੰਡੇ ਨਾਲ ਵਾਹੀ ਲਕੀਰ ਨੂੰ ਟੱਪਕੇ ਆਏ ਹੀ ਗੁਰੂ ਦਾ ਸਿਖ ਅਸਲੀ ਹੋ, ਗੁਰੂ ਨਾਲ ਜੁੜੇ ਜਹਾਨੋਂ ਜਾਣਾਂ ਹੈ, ਗਲ ਜਮ ਜੂਨਾਂ ਦੀ ਪਈ ਫਾਂਸੀ ਨੂੰ ਕਟਣਾਂ ਹੈ, ਮਹਾਂ ਨਰਕ ਤੋਂ ਬਚਣਾਂ ਹੈ। ਦੁਸ਼ਟਾਂ ਦਾ ਸਾਥ ਛੱਡਕੇ, ਖੰਡੇ ਵਾਹੀ ਲਕੀਰ ਨੂੰ ਪਾਰ ਕਰਕੇ, ਇਸ ਗੁਰੂ ਧਿਰ, ਗੁਰੂ ਪੰਥ ਧਿਰ, ਇਨਸਾਨੀਅਤ ਧਿਰ, ਇਮਾਨ ਧਰਮ ਧਿਰ - ਇਸ ਗੁਰਸਿਖ ਕਾਫਲਾ ਏਕਤਾ ਵਿਚ, ਆਪਣੇ ਗੁਨਾਹਾਂ ਦੇ ਪਤਤਾਵੇ ਦੀ ਗੁਰੂ ਅੱਗੇ ਅਰਦਾਸ ਕਰਕੇ, ਕੋਈ ਸ਼ਮੂਲੀਅਤ ਕਰ, ਅੱਜ ਬਣਦੀ ਗੁਰੂ ਦੀ ਸੇਵਾ, ਗੁਰੂ ਪੰਥ ਦੀ ਸੇਵਾ ਨਾਲ ਆਪਣਾਂ ਜੀਵਨ ਸਫਲ ਕਰ ਸਕਦਾ ਹੈ।

ਗ੍ਰਿਹ ਮੰਦਰ ਮਹਲਾ ਜੋ ਦੀਸਹਿ ਨਾ ਕੋਈ ਸੰਗਾਰਿ ॥

ਜਬ ਲਗੁ ਜੀਵਹਿ ਕਲੀ ਕਾਲ ਮਹਿ ਜਨ ਨਾਨਕ ਨਾਮੁ ਸਮ੍ਾਰਿ ॥ (ਪੰਨਾਂ 379)

ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥

ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥ (ਪੰਨਾਂ 477)

ਪਿਰ ਕੀ ਸਾਰ ਨ ਜਾਣਈ ਦੂਜੈ ਭਾਇ ਪਿਆਰੁ ॥ ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚਿ ਕੁਨਾਰਿ ॥ (ਪੰਨਾਂ 652)

ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥ ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥ (ਪੰਨਾਂ 729)

ਏਕੁ ਅਰਾਧਹੁ ਸਾਚਾ ਸੋਇ ॥ ਜਾ ਕੀ ਸਰਨਿ ਸਦਾ ਸੁਖੁ ਹੋਇ ॥ (ਪੰਨਾਂ 901)

ਗੁਰ ਕੇ ਚਰਨ ਰਿਦੈ ਉਰਿ ਧਾਰੇ ॥ ਅਗਨਿ ਸਾਗਰ ਤੇ ਉਤਰੇ ਪਾਰੇ ॥ ਜਨਮ ਮਰਣ ਸਭ ਮਿਟੀ ਉਪਾਧਿ ॥
ਪ੍ਰਭ ਸਿਉ ਲਾਗੀ ਸਹਜਿ ਸਮਾਧਿ ॥ (865)

ਮੁਆ ਜੀਵੰਦਾ ਪੇਖੁ ਜੀਵੰਦੇ ਮਰਿ ਜਾਨਿ ॥ ਜਿਨ੍ਾ ਮੁਹਬਤਿ ਇਕ ਸਿਉ ਤੇ ਮਾਣਸ ਪਰਧਾਨ ॥ (ਪੰਨਾਂ 1102)

ਰਸ ਭੋਗਣ ਪਾਤਿਸਾਹੀਆ ਦੁਖ ਸੁਖ ਸੰਘਾਰਾ ॥ ਮੋਟਾ ਨਾਉ ਧਰਾਈਐ ਗਲਿ ਅਉਗਣ ਭਾਰਾ ॥
ਮਾਣਸ ਦਾਤਿ ਨ ਹੋਵਈ ਤੂ ਦਾਤਾ ਸਾਰਾ ॥ (1009)

ਲਖ ਚਉਰਾਸੀਹ ਜੋਨਿ ਸਬਾਈ ॥ ਮਾਣਸ ਕਉ ਪ੍ਰਭਿ ਦੀਈ ਵਡਿਆਈ ॥
ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥ (1075)

ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ ॥ ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ ॥ (1401)

ਕੋਈ ਗਾਵੈ ਕੋ ਸੁਣੈ ਕੋ ਉਚਰਿ ਸੁਨਾਵੈ ॥ ਜਨਮ ਜਨਮ ਕੀ ਮਲੁ ਉਤਰੈ ਮਨ ਚਿੰਦਿਆ ਪਾਵੈ ॥ ਆਵਣੁ ਜਾਣਾ ਮੇਟੀਐ ਹਰਿ ਕੇ ਗੁਣ ਗਾਵੈ ॥ ਆਪਿ ਤਰਹਿ ਸੰਗੀ ਤਰਾਹਿ ਸਭ ਕੁਟੰਬੁ ਤਰਾਵੈ ॥ ਜਨੁ ਨਾਨਕੁ ਤਿਸੁ ਬਲਿਹਾਰਣੈ ਜੋ ਮੇਰੇ ਹਰਿ ਪ੍ਰਭ ਭਾਵੈ ॥ (1318)

ਜੂਨ ਚੌਰਾਸੀ ਦੇ ਸ਼ਹੀਦਾਂ ਨੇ ਵਾਹੀ ਖੰਡੇ ਨਾਲ ਲਕੀਰ ਦੇ ਪਾਰ ਭਾਵੇਂ **ਪੰਥ ਅਟੁੱਟ ਅੰਗ** ਸ਼ਰਧਾਲੂ, ਭਾਵੇਂ ਸੇਵਕ, ਭਾਵੇਂ ਅੰਮ੍ਰਿਤਧਾਰੀ, ਸਭ ਨਕਲੀ ਹੀ ਰਹਿ ਜਾਣਾਂ ਹੈ।

ਐ ਸਿਖ ਸਰੂਪ ਵਿਦਵਾਨ ਸਦਾਉਣ ਵਾਲਿਓ, ਬਿਨਾਂ ਪੂਰੀ ਵਗਿਆਨਕ ਖੋਜ ਨੂੰ ਅੱਗੇ ਰੱਖਿਆਂ, ਇਨਾਂ ਦੀ ਬਾਂਦਰ ਔਲਾਦ ਤੋਂ ਸ਼ੁਰੂਅਤ ਗੁਰਮਤਿ ਸੱਚ ਐਲਾਣ ਲਈ ਤੁਸੀਂ ਜੁਗਾਂ ਨੂੰ ਗਿਆਨ ਦੇ ਪੜਾ ਐਲਾਨਦੇ ਹੋ। ਜਦ ਕਿ ਗੁਰੂ ਨੇ ਜਪਜੀ ਸਾਹਿਬ ਵਿਚ ਹੀ ਕੋਈ ਦੁਬਧਾ ਨਹੀਂ ਰਹਿਣ ਦਿੱਤੀ ਇਕ ਹੀ ਪੰਗਤ ਵਿਚ ਜੁਗ ਦਾ ਸਬੰਧ ਆਰਜਾ ਨਾਲ ਜੋੜਦੇ ਹੋਏ ਜੁਗ ਅਤੇ ਜੁਗਾਂ ਵਾਰੇ ਅਰਥਾਂ ਵਿਚ ਕੋਈ ਦੁਬਧਾ ਹੀ ਨਹੀ ਰਹਿਣ ਦਿੱਤੀ ਹੋਈ।

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥ (ਪੰਨਾਂ 2)

ਐ ਕਰਨੀ ਕੋਰੇ ਸਿਖ ਸਰੂਪ ਵਿਚ ਬ੍ਰਾਹਮਣ ਵਿਦਵਾਨੋਂ, ਇਕ ਪਾਸੇ ਜੁਗਾਂ ਵਾਰੇ ਬਿਪਰਨ ਦਾ ਆਪਣਾਂ ਵਖਿਆਨ ਹੋਣ ਕਰਕੇ, ਤੁਸੀਂ ਗੁਰਮਤਿ ਜੁਗ ਬਿਖਿਆਨ ਨੂੰ ਵੀ ਸਾਕਤ ਹੋ ਗਲਤ ਬਿਆਨਦੇ, ਬਿਪਰਨ ਦੇ ਝੂਠੇ ਸਾਹਿਤ ਤੋਂ ਤਾਂ ਦੂਰ ਭੱਜਣ ਦਾ ਪਖੰਡ ਰਚਦੇ ਥਕਦੇ ਨਹੀਂ ਹੋ, ਜਦ ਕਿ ਉਸੇ ਬਿਪਰਨ ਤਖਤ ਦੀ ਗੁਲਾਮੀ ਤੋਂ ਦੂਰ ਭੱਜਣਾਂ ਤੁਸਾਂ ਨੂੰ ਮੂਲੋਂ ਭੁੱਲ ਚੁੱਕਾ ਹੈ। ਨਾ ਗੁਰਬਾਣੀ ਵਿਚ ਆਇਆ ਰਾਮ, ਮੁਰਾਰ, ਹੀ ਬਿਪਰਨ ਦਾ ਰਾਮ, ਮੁਰਾਰ ਕਿਸੇ ਦਾ ਕੀਤਾ ਹੋ ਜਾਣਾਂ ਹੈ ਅਤੇ ਨਾ ਹੀ ਜੁਗ। ਸਿਖ ਧਰਮ

ਅਨੁਸਾਰ ਗਿਆਨੀ ਵਿਦਵਾਨ ਉਹ, ਜੋ ਗੁਰੂ ਦਾ ਸਿਖ ਨੂੰ ਕਰਨ ਲਈ ਕਿਹਾ ਚੰਗਾ, ਸਿਰਫ ਲਿਖਕੇ ਜਾਂ ਬੋਲਕੇ ਦਸਦਾ ਹੀ ਨਹੀਂ ਸਗੋਂ ਉਸ ਚੰਗੇ ਨੂੰ ਆਪ ਕਰਕੇ, ਫਿਰ ਆਪਣੇ ਭਾਈਆਂ ਨੂੰ ਉਹ ਚੰਗਾ ਕਰਨ ਲਈ ਕਹਿੰਦਾ ਹੈ। ਇਸ ਬਿਨ ਲੱਖ ਦੁਹਾਈਆਂ ਪਾਵੋ ਵਿਦਵਾਨ ਹੋਣ ਦੀਆਂ ਐ ਸਿਖ ਸਰੂਪ ਵਿਚ ਬਿਪਰਨ ਬਾਂਦਰ ਬ੍ਰਾਹਮਣ ਔਲਾਦ ਕਾਇਰੋ, ਬੁਝਦਿਲੋ, ਸੰਤ ਨਿਦਕੋ, ਸ਼ਹੀਦ ਨਿੰਦਕੋ ਗਲੋਂ ਮਹਾਂ ਨਰਕ ਜਮ ਗਰਭ ਜੂਨ ਫਾਂਸੀ ਨਹੀਂ ਲਹਿਣੀਂ।

**ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥ ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥** (ਪੰਨਾ 14)

**ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ ॥ ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ॥**
**ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ ॥ ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ ॥** (762)

**ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥** (ਪੰਨਾ 1105)

ਗੁਰੂ ਪੰਥ ਦੀ ਅੱਜ ਕਰਮ ਨਿਸ਼ਾਨ ਸੇਵਾ ਲਈ ਬਿਨਾਂ ਹੋਰ ਦੇਰੀ ਨਿਤਰਨ ਦਾ ਆਪਜੀ ਸਭ ਗੁਰਸਿਖ ਵੀਰਾਂ ਨੂੰ, ਸੰਗਤਾਂ ਨੂੰ ਵਾਹਿਗੁਰੂ ਅਕਾਲ ਪੁਰਖ ਜੀ ਬਲ ਬਖਸ਼ਣ, ਗੁਰੂ ਅੱਗੇ ਅਰਦਾਸ ਬੇਨਤੀ ਜੋਦੜੀ ਕਰਦੇ ਹਾਂ।

**ਜੀਅ ਜੰਤ ਸਭਿ ਸਰਣਿ ਤੁਮ੍ਾਰੀ ਸਰਬ ਚਿੰਤ ਤੁਧੁ ਪਾਸੇ ॥**
**ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥੪॥੨॥** (ਪੰਨਾ 795)

ਯਾਦ ਰਹੇ ਕਿ ਗੁਰਸਿਖ ਕਾਫਲੇ ਦੀ ਹੋਂਦ ਤੋਂ ਪਹਿਲੇ ਗੁਰੂ ਵਲੋਂ ਆਪਾਂ ਸੱਭ ਮਾਰੇ ਹੋਏ ਐਲਾਨੇ ਹੋਣ ਦੇ ਸੱਚ ਦੀ ਕੀਤੀ ਹੋਈ ਪ੍ਰੋੜਤਾ ਇਨਾਂ ਹਰਫਾਂ ਵਿਚ, ਸ਼ਹੀਦ ਸਿਖ ਸੂਰੇ ਸੰਤ ਭਗਤ ਖਾਲਸੇ ਜਰਨੈਲ ਸਿੰਘ ਜੀ ਵਲੋਂ ਮਿਲਦੀ ਹੈ ਕਿ ਮੈਂ ਸਰੀਰਕ ਮੌਤ ਨੂੰ ਮੌਤ ਮਹੀਂ ਮੰਨਦਾ। ਜਮੀਰ ਦਾ ਮਰ ਜਾਣਾਂ, ਮੌਤ ਜਾਣਦਾ ਹਾਂ।

ਸੁਖੀ ਵਸੈ ਮੋਰੋ ਪਰਿਵਾਰਾ ॥ ਸੇਵਕ ਸਿਖ ਸਭੈ ਕਰਤਾਰਾ॥ (ਕਬਿਯੋ ਬਾਚ ਬੇਨਤੀ ॥ਚੌਪਈ॥)
ਚੌਪਈ: ਚੌਥੇ ਪਦ ਦੀ ਸੁਰੂਆਤ ਯੁਗ ਤੋਂ

ਗੁਰਸਿਖ ਕਾਫਲੇ ਵਲੋਂ ਖਾਲਸੇ ਦੇ ਦੇਸ਼ ਨਾਮ ਨੂੰ ਭਵਿਖ ਵਿਚ ਸਹੀ **'ਖਾਲਸਤਾਨ'** ਲਿਖਣ ਦੇ ਲਏ ਫੈਸਲੇ ਤੋਂ ਸਭ ਆਪਜੀ ਨੂੰ ਅਤੇ ਸੰਗਤਾਂ ਨੂੰ ਜਾਣੂੰ ਕਰਵਾਉਂਦੇ ਹੋਏ, ਸਭ ਨਾਲ ਗੁਰੂ ਫਤਹਿ ਸਾਂਝੀ ਕਰਦੇ ਹਾਂ :
ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ॥

ਇਕੋ ਇਕ ਸਤਿਗੁਰੂ ਨਾਨਕ ਦੇ ਦਰ ਦਾ
ਐਨ. ਕਮਲ-ਫੇਹਰਨਬੱਖ ਉਰਫ ਬਿਧੀ ਸਿੰਘ ਬੱਬਰ
ਵਲੋਂ ਅਤੇ ਹੁਕਮ ਉਤੇ:
ਗੁਰਸਿਖ ਕਾਫਲਾ
(GR.Singh)

**(i.o)** Adress: N. Kamal-Fehrenbach orf Bidhi Singh Babbar
Schöne Aussicht 74a, 65760 Eschborn, Germany (24.03.2010)
Tel: 06173 67103, Fax: 06173 640321, eMail : ef-nk@t-online.de